# ਕਾਲਜ ਪ੍ਰਾਪਤੀਆਂ/ਗਤੀਵਿਧੀਆਂ ਦੀ ਸਾਲਾਨਾ ਰਿਪੋਰਟ
# (2022-23)

**ਮਹਾਨ ਸ਼ਹੀਦਾਂ ਦੀ ਚਰਨਛੋਹ ਪ੍ਰਾਪਤ ਪਵਿੱਤਰ ਧਰਤੀ ਮੋਰਿੰਡਾ ਤੇ ਸਥਿਤ ਬਾਬਾ ਜ਼ੋਰਾਵਰ ਸਿੰਘ, ਬਾਬਾ** ਫਤਹਿ ਸਿੰਘ ਜੀ ਦੇ ਨਾਂ ਤੇ ਬਣਿਆ ਇਹ ਕਾਲਜ ਪੇਂਡੂ ਵਰਗ ਦੀਆਂ ਲੜਕੀਆਂ ਨੂੰ ਉਚੇਰੀ ਸਿੱਖਿਆ ਦੇਣ ਦੇ ਮਨੋਰਥ ਹਿਤ ਕਾਲਜ ਦੇ ਬਾਨੀ ਸੰਤ ਬਾਬਾ ਸੁਰਜਨ ਸਿੰਘ ਜੀ ਦੀ ਦੂਰ-ਅੰਦੇਸ਼ੀ ਸੋਚ ਅਤੇ ਅਣਥੱਕ ਕੋਸ਼ਿਸ਼ਾਂ ਸਦਕਾ 1971 'ਚ ਹੋਂਦ ਵਿਚ ਆਇਆ। ਇਸ ਇਲਾਕੇ ਵਿੱਚ ਸਥਿਤ ਲੜਕੀਆਂ ਦਾ ਇਹ ਸਭ ਤੋਂ ਪੁਰਾਣਾ ਕਾਲਜ ਹੈ ਜੋ ਪਿਛਲੇ 51 ਸਾਲਾਂ ਤੋਂ ਪੇਂਡੂ/ਸ਼ਹਿਰੀ ਲੜਕੀਆਂ ਨੂੰ ਆਰਟਸ, ਕਾਮਰਸ,ਮੈਨੇਜਮੈਂਟ, ਕੰਪਿਊਟਰ ਅਤੇ ਫੈਸ਼ਨ ਡਿਜ਼ਾਇਨਿੰਗ ਕੋਰਸਾਂ ਵਿਚ ਉੱਚ-ਪੱਧਰੀ ਅਤੇ ਮਿਆਰੀ ਸਿੱਖਿਆ ਪ੍ਰਦਾਨ ਕਰ ਰਿਹਾ ਹੈ। ਲੜਕੀਆਂ ਨੂੰ ਦੂਰ-ਦੁਰਾਡੇ ਦੇ ਪਿੰਡਾਂ ਤੋਂ ਲਿਆਉਣ ਲਈ ਕਾਲਜ ਵਲੋਂ ਬੱਸਾਂ ਦਾ ਉਚੇਚਾ ਪ੍ਰਬੰਧ ਹੈ ।

ਬਦਲਦੇ ਪਰਿਪੇਖ ਵਿੱਚ ਡਿਗਰੀ ਪੱਧਰ ਤੇ ਵਿੱਦਿਆ ਨੂੰ ਕਿੱਤਾ-ਮੁੱਖੀ ਬਣਾਉਣ ਦੇ ਉਦੇਸ਼ ਨਾਲ ਯੂ.ਜੀ.ਸੀ. ਦੀ ਕੈਰੀਅਰ ਓਰੀਐਂਟਡ ਪ੍ਰੋਗਰਾਮ ਦੀ ਸਕੀਮ ਤਹਿਤ ਵੱਖ-ਵੱਖ ਵਿਸ਼ਿਆਂ ਦੇ 5 ਐਡ ਆਨ ਕੋਰਸ ਵੀ ਚਲਾਏ ਜਾ ਰਹੇ ਹਨ - ਡਾਟਾ ਕੇਅਰ ਮੈਨੇਜਮੈਂਟ, ਸਪੋਕਨ ਇੰਗਲਿਸ਼, ਫਾਈਨ ਆਰਟਸ, ਫੈਸ਼ਨ ਡਿਜ਼ਾਇਨਿੰਗ, ਮਿਊਜ਼ਿਕ ਵੋਕਲ। ਇਹ ਤਿੰਨ ਸਾਲਾ ਕੋਰਸ ਹਨ : ਪਹਿਲੇ ਸਾਲ ਵਿਚ ਸਰਟੀਫਿਕੇਟ ਕੋਰਸ , ਦੂਜੇ ਸਾਲ ਵਿਚ ਡਿਪਲੋਮਾ ਕੋਰਸ ਅਤੇ ਤੀਜੇ ਸਾਲ ਵਿਚ ਐਡਵਾਂਸ ਡਿਪਲੋਮਾ ਕੋਰਸ ਦਾ ਸਰਟੀਫਿਕੇਟ ਦਿੱਤਾ ਜਾਂਦਾ ਹੈ ।ਸਪੋਕਨ ਇੰਗਲਿੰਸ਼ ਲਈ ਲੈਂਗੂਏਜ ਲੈਬ ਬਣੀ ਹੋਈ ਹੈ ਜਿਸ ਵਿਚ ਆਧੁਨਿਕ ਹਾਰਡਵੇਅਰ ਅਤੇ ਸੌਫਟਵੇਅਰ ਇੰਸਟਾਲ ਕੀਤੇ ਗਏ ਹਨ । ਕਾਲਜ ਵਿਚ ਆਧੁਨਿਕਤਮ ਸਹੂਲਤਾਂ ਭਰਪੂਰ ਵਾਈ-ਫਾਈ ਕੰਪਿਊਟਰ ਲੈਬਜ਼ ਹਨ ।

ਸੋ ਕਾਲਜ ਨਿਰੰਤਰ ਵਿਕਾਸ ਕਰ ਰਿਹਾ ਹੈ ।ਕਾਲਜ ਦੇ ਵਿਕਾਸ ਵਿਚ ਸੱਚਖੰਡ ਵਾਸੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਤੋਂ ਇਲਾਵਾ ਇਲਾਕੇ ਦੇ ਪਤਵੰਤੇ ਸੱਜਣਾ ਅਤੇ ਦਾਨੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ।

ਕਾਲਜ ਕੈਂਪਸ (ਰਕਬਾ 5 ਏਕੜ) ਵਿੱਚ ਇਸ ਸਮੇਂ ਆਰਟਸ,ਕਾਮਰਸ ਅਤੇ ਮੈਨੇਜਮੈਂਟ ਬਲਾਕ ਲਈ ਤਿੰਨ ਮੰਜ਼ਿਲਾ, ਕੰਪਿਊਟਰ ਬਲਾਕ ਲਈ ਦੋ ਮੰਜ਼ਿਲਾ, ਖੇਡ ਵਿੰਗ ਲਈ ਤਿੰਨ ਮੰਜਿਲਾ ਇਮਾਰਤ ਤੋਂ ਇਲਾਵਾ ਵੱਡੀ ਲਾਇਬਰੇਰੀ, ਕਾਲਜ ਹਾਲ (105'×60'), ਲੜਕੀਆਂ ਦਾ ਤਿੰਨ ਮੰਜ਼ਿਲਾ ਹੋਸਟਲ, ਲੜਕੀਆਂ ਦਾ ਕਾਮਨ ਰੂਮ, ਇਕ ਸੈਮੀਨਾਰ ਹਾਲ ਅਤੇ ਕੰਟੀਨ ਮੌਜੂਦ ਹਨ ।

## ਲਾਇਬਰੇਰੀ

ਕਾਲਜ ਵਿਚ ਆਧੁਨਿਕਤਮ ਸਹੂਲਤਾਂ ਨਾਲ ਭਰਪੂਰ ਲਾਇਬਰੇਰੀ ਹੈ । ਇਸ ਵਿਚ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ 19,375 ਕਿਤਾਬਾਂ ਹਨ । ਲੋੜਵੰਦ ਵਿਦਿਆਰਥੀਆਂ ਲਈ ਸਾਰਾ ਸਾਲ ਮੁਫ਼ਤ ਕਿਤਾਬਾਂ ਮੁਹਈਆ ਕਰਵਾਉਣ ਦੇ ਆਸ਼ੇ ਨਾਲ ਬੁੱਕ ਬੈਂਕ ਦੀ ਵਿਵਸਥਾ ਵੀ ਕੀਤੀ ਗਈ ਹੈ ।

ਲਾਇਬਰੇਰੀ ਵਿਚ ਰੋਜ਼ਾਨਾ 9 ਅਖਬਾਰਾਂ, ਹਰ ਮਹੀਨੇ 15 ਮੈਗਜ਼ੀਨ ਅਤੇ 12 ਜਰਨਲ ਆਉਂਦੇ ਹਨ। ਇਸ ਤੋਂ ਇਲਾਵਾ ਫੋਟੋਸਟੇਟ ਮਸ਼ੀਨ, ਕੰਪਿਊਟਰ ਅਤੇ ਵਾਈ-ਫਾਈ ਦੀ ਸਹੂਲਤ ਹੈ।

➤ ਵਿੱਦਿਅਕ ਪ੍ਰਾਪਤੀਆਂ:

ਕਾਲਜ ਦੇ ਪ੍ਰਤੀਬੱਧ ਸਟਾਫ਼ ਵਿਦਿਆਰਥੀਆਂ ਦੀ ਮਿਹਨਤ ਸਦਕਾ ਕਾਲਜ ਦੀਆਂ ਜ਼ਿਆਦਾਤਰ ਜਮਾਤਾਂ ਦੇ ਨਤੀਜੇ 100% ਰਹੇ ਹਨ ਅਤੇ ਬਹੁ ਗਿਣਤੀ ਵਿਦਿਆਰਥੀ ਪਹਿਲੀ ਪੁਜ਼ੀਸ਼ਨ ਵਿੱਚ ਪਾਸ ਹੋਏ ਹਨ।

ਕਾਲਜ ਦੀ ਮੈਰਿਟ ਲਿਸਟ ਦੇ ਵਿਦਿਆਰਥੀਆਂ ਦਾ ਵੇਰਵਾ (2021-22) :

| ਲੜੀ ਨੰ: | ਜਮਾਤ | ਰੋਲ ਨੰ: | ਵਿਦਿਆਰਥੀ ਦਾ ਨਾਂ | ਪ੍ਰਾਪਤ ਕੀਤੇ ਅੰਕ/ | ਪ੍ਰਤੀਸ਼ਤਤਾ | ਪੁਜ਼ੀਸ਼ਨ |
|---|---|---|---|---|---|---|
| 1 | ਐਮ.ਐਸ.ਸੀ. ਆਈ ਟੀ-II | 81 | ਜਸਵਿੰਦਰ ਕੌਰ | 973/1200 | 76% | ਪਹਿਲਾ ਸਥਾਨ |
| 2 | ਐਮ.ਐਸ.ਸੀ. ਆਈ ਟੀ-I | 45 | ਸੁਖਪ੍ਰੀਤ ਕੌਰ | 846/1200 | 71% | ਪਹਿਲਾ ਸਥਾਨ |
| 3 | ਪੀ.ਜੀ.ਡੀ.ਸੀ.ਏ. | 12 | ਹਰਪ੍ਰੀਤ ਕੌਰ | 776/1000 | 77.6% | ਪਹਿਲਾ ਸਥਾਨ |
| 4 | ਪੀ.ਜੀ.ਡੀ.ਡੀ.ਡੀ. ਐਂਡ ਟੀ | 50902<br>50901 | ਅਵਨੀਤ ਕੌਰ<br>ਰਮਨਦੀਪ ਕੌਰ | 613/800<br>581/800 | 76.6%<br>72.6% | ਪਹਿਲਾ ਸਥਾਨ<br>ਦੂਜਾ ਸਥਾਨ |
| 5 | ਬੀ.ਸੀ.ਏ. ਭਾਗ III | 411<br>403<br>422 | ਡਿੰਪਲ ਕੌਰ<br>ਮਨੀਸ਼ਾ ਰਾਣੀ<br>ਹਰਜਿੰਦਰ ਕੌਰ | 1117/1400<br>1079/1400<br>1073/1400 | 79%<br>77%<br>76% | ਪਹਿਲਾ ਸਥਾਨ<br>ਦੂਜਾ ਸਥਾਨ<br>ਤੀਜਾ ਸਥਾਨ |
| 6 | ਬੀ.ਸੀ.ਏ. ਭਾਗ II | 351<br>356<br>358 | ਹਰਮਨਪ੍ਰੀਤ ਕੌਰ<br>ਰਮਨਜੀਤ ਕੌਰ<br>ਕਿਰਨਪ੍ਰੀਤ ਕੌਰ | 1153/1400<br>1081/1400<br>1037/1400 | 80%<br>77.2%<br>74% | ਪਹਿਲਾ ਸਥਾਨ<br>ਦੂਜਾ ਸਥਾਨ<br>ਤੀਜਾ ਸਥਾਨ |
| 7 | ਬੀ.ਸੀ.ਏ. ਭਾਗ I | 310<br>323<br>336 | ਪ੍ਰਭਜੋਤ ਕੌਰ<br>ਜਸਮੀਤ ਕੌਰ<br>ਗੁਰਪ੍ਰੀਤ ਕੌਰ | 928/1200<br>915/1200<br>914/1200 | 77.34%<br>76.25%<br>76.16% | ਪਹਿਲਾ ਸਥਾਨ<br>ਦੂਜਾ ਸਥਾਨ<br>ਤੀਜਾ ਸਥਾਨ |

| | | | | | | |
|---|---|---|---|---|---|---|
| 8 | ਬੀ.ਬੀ.ਏ. -III | 206 | ਪਰਮਜੀਤ ਕੌਰ | 741/850 | 87.17% | ਪਹਿਲਾ ਸਥਾਨ |
| | | 208 | ਜਸਪ੍ਰੀਤ ਕੌਰ | 709/850 | 83.4% | ਦੂਜਾ ਸਥਾਨ |
| | | 210 | ਹਰਮਨਪ੍ਰੀਤ ਕੌਰ | 690/850 | 83.17% | ਤੀਜਾ ਸਥਾਨ |
| 9 | ਬੀ.ਬੀ.ਏ. -II | 156 | ਮਨਦੀਪ ਕੌਰ | 1121/1400 | 80.7% | ਪਹਿਲਾ ਸਥਾਨ |
| | | 152 | ਰਮਨਦੀਪ ਕੌਰ | 1080/1400 | 77.14% | ਦੂਜਾ ਸਥਾਨ |
| | | 155 | ਜਸ਼ਨਪ੍ਰੀਤ ਕੌਰ | 1066/1400 | 76.14% | ਤੀਜਾ ਸਥਾਨ |
| 10 | ਬੀ.ਬੀ.ਏ. -I | 109 | ਜੈਸਮੀਨ ਕੌਰ | 1021/1500 | 68.6% | ਪਹਿਲਾ ਸਥਾਨ |
| | | 104 | ਕੋਮਲਪ੍ਰੀਤ ਕੌਰ | 936/1500 | 62.4% | ਦੂਜਾ ਸਥਾਨ |
| | | 102 | ਜਸਪ੍ਰੀਤ ਕੌਰ | 917/1500 | 61.13% | ਤੀਜਾ ਸਥਾਨ |
| 11 | ਬੀ.ਕਾਮ -3 | 1111 | ਜੈਸਮੀਨ ਕੌਰ | 912/1100 | 82.9% | ਪਹਿਲਾ ਸਥਾਨ |
| | | 1107 | ਸਿਮਰਨਜੀਤ ਕੌਰ | 895/1100 | 81% | ਦੂਜਾ ਸਥਾਨ |
| | | 1116 | ਪ੍ਰਭਜੀਤ ਕੌਰ | 890/1100 | 81% | ਤੀਜਾ ਸਥਾਨ |
| 12 | ਬੀ.ਕਾਮ-1 | 1067 | ਹਰਸ਼ਦੀਪ ਕੌਰ | 779/1000 | 80% | ਪਹਿਲਾ ਸਥਾਨ |
| | | 1069 | ਰਜਨੀ ਰਾਣੀ | 714/1000 | 71.4% | ਦੂਜਾ ਸਥਾਨ |
| | | 1063 | ਹੀਨਾ ਰਾਣੀ | 705/1000 | 70.5% | ਤੀਜਾ ਸਥਾਨ |
| 13 | ਬੀ.ਕਾਮ -2 | 47311 | ਕਰਨਜੀਤ ਕੌਰ | 827/1000 | 82.7% | ਪਹਿਲਾ ਸਥਾਨ |
| | | 47304 | ਸਤਵੀਰ ਕੌਰ | 786/1000 | 78.6% | ਦੂਜਾ ਸਥਾਨ |
| | | 47307 | ਦਲਜੀਤ ਕੌਰ | 735/1000 | 73.5% | ਤੀਜਾ ਸਥਾਨ |
| | ਬੀ.ਏ -III | 962 | ਨਵਦੀਪ ਕੌਰ | 784/1000 | 78.4% | ਪਹਿਲਾ ਸਥਾਨ |
| | | 952 | ਨੇਹਾ ਰਾਣੀ | 761/1000 | 76.1% | ਦੂਜਾ ਸਥਾਨ |
| | | 871 | ਸਰਬਜੀਤ ਕੌਰ | 750/1000 | 75% | ਤੀਜਾ ਸਥਾਨ |

| | | | | | | |
|---|---|---|---|---|---|---|
| 15 | ਬੀ.ਏ -II | 763<br>776<br>762 | ਅਮਨਦੀਪ ਕੌਰ<br>ਨਵਨੀਤ ਕੌਰ<br>ਕੋਮਲਪ੍ਰੀਤ ਕੌਰ | 756/1000<br>754/1000<br>751/1000 | 75.6%<br>75.4%<br>75.1% | ਪਹਿਲਾ ਸਥਾਨ<br>ਦੂਜਾ ਸਥਾਨ<br>ਤੀਜਾ ਸਥਾਨ |
| 16 | ਬੀ.ਏ -I | 574<br>575<br>613 | ਕਾਜਲ ਕੁਮਾਰੀ<br>ਨੇਹਾ ਕੁਮਾਰੀ<br>ਸਿਮਰਨ ਕੌਰ | 792/1000<br>783/1000<br>778/1000 | 79.2%<br>78.3%<br>77.8% | ਪਹਿਲਾ ਸਥਾਨ<br>ਦੂਜਾ ਸਥਾਨ<br>ਤੀਜਾ ਸਥਾਨ |

**ਖੇਡ ਪ੍ਰਾਪਤੀਆਂ**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਇਸ ਸਾਲ ਕਾਲਜ ਨੂੰ ਹੈਂਡਬਾਲ, **ਐਥਲੈਟਿਕਸ**,**ਫੈਨਸਿੰਗ** ਅਤੇ ਪੈਨਚੈਂਕਸਿਲਾਟ ਦਾ ਵਿੰਗ ਮਿਲਿਆ ਹੈ।ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ: **ਅੰਜੂ** ਦੀ ਸੁਚੱਜੀ ਅਗਵਾਈ ਸਦਕਾ ਪਿਛਲੇ ਸਾਲਾਂ ਵਾਂਗ ਇਸ ਵਰ੍ਹੇ ਵੀ ਸਾਡੇ ਕਾਲਜ ਦੀਆਂ ਖਿਡਾਰਨਾਂ ਨੇ ਵੱਖ ਵੱਖ ਈਵੈਂਟਸ ਵਿਚ ਸ਼ਲਾਘਾਯੋਗ ਪ੍ਰਦਰਸ਼ਨ ਕੀਤਾ ਹੈ।

ਖੇਡ ਪ੍ਰਾਪਤੀਆਂ ਦਾ ਵੇਰਵਾ :

**ਸੈਸ਼ਨ-2022-23**

| ਖੇਡ | ਵਿਦਿਆਰਥੀ ਦਾ ਨਾਂ | ਪੁਜ਼ੀਸ਼ਨ |
|---|---|---|
| **ਗਰੈਪਲਿੰਗ** | **ਅੰਜੂ** | **ਪਹਿਲਾ ਸਥਾਨ** |
| **ਆਈਸ ਸਟੋਕ(ਤੀਜਾ ਖੇਡੋਂ ਇੰਡੀਆ ਨੈਸ਼ਨਲ ਗੇਮਜ਼)** | **ਅੰਜੂ ,ਮਨੀਸ਼ਾ** | **ਤੀਜਾ ਸਥਾਨ** |
| **ਆਈਸ ਸਟੋਕ ਨੈਸ਼ਨਲ ਚੈਪੀਅਨਸ਼ਿਪ** | **ਅੰਜੂ ,ਮਨੀਸ਼ਾ,ਅਮਨਦੀਪ** | **ਦੂਜਾ ਸਥਾਨ** |
| **ਫੈਡਰੇਸ਼ਨ ਕੱਪ(ਪੰਜਵਾਂ ਪੈਨਚੈਕਸਿਲਾਟ ਫੈਡਰੇਸ਼ਨ ਕੱਪ** | **ਅੰਜੂ** | **ਤੀਜਾ ਸਥਾਨ** |
| **ਆਲ ਇੰਡੀਆ ਇੰਟਰਯੂਨੀਵਰਸਿਟੀ** | **ਅੰਜੂ** | **ਤੀਜਾ ਸਥਾਨ** |
| **ਆਲ ਇੰਡੀਆ ਇੰਟਰਯੂਨੀਵਰਸਿਟੀ ਪੈਨਚੈਕਸਿਲਾਟ(2022)** | **ਮਨੀਸ਼ਾ** | **ਦੂਜਾ ਸਥਾਨ** |

| | | |
|---|---|---|
| ਆਲ ਇੰਡੀਆ ਇੰਟਰਯੁਨੀਵਰਸਿਟੀ | | |
| ਪੈਨਚੈਕ ਸਿਲਾਟ(24-26 ਮਾਰਚ2023) | ਅੰਜੂ,ਮਨੀਸ਼ਾ,ਅਮਨਦੀਪ, ਵੀਰਪਾਲ ਕੌਰ,ਛਿੰਦਰਪਾਲ ਕੌਰ | ਤੀਜਾ ਸਥਾਨ |
| ਆਲ ਇੰਡੀਆ ਕੁਸ਼ਤੀ ਇੰਟਰਯੁਨੀਵਰਸਿਟੀ | ਮੋਨੂ ਦੇਵੀ | ਛੇਵਾਂ ਸਥਾਨ |
| ਆਲ ਇੰਡੀਆ ਇੰਟਰਯੁਨੀਵਰਸਿਟੀ ਗਰੈਪਲਿੰਗ ਚੈਪੀਅਨਸ਼ਿਪ | ਅੰਜੂ | 31 ਮਾਰਚ ਤੋਂ 4 ਅਪ੍ਰੈਲ2022 ਨੂੰ ਅੰਜੂ ਨੇ ਭਾਗ ਲਿਆ |
| ਇੰਟਰ ਯੁਨੀਵਰਸਿਟੀ ਗੇਮਜ਼ ਕੁਸ਼ਤੀ | ਮੋਨੂ ਦੇਵੀ<br>ਕੋਮਲ ਰਾਣੀ | ਪਹਿਲਾ ਸਥਾਨ<br>ਦੂਜਾ ਸਥਾਨ |
| ਸਟੇਟ ਗੇਮਜ਼ | | |
| ਕੁਸ਼ਤੀ | ਮੋਨੂ ਦੇਵੀ | ਤੀਜਾ ਸਥਾਨ |
| ਹੈਂਡਬਾਲ | ਕੋਮਲ,ਵੀਰਪਾਲ ਕੌਰ, ਛਿੰਦਰਪਾਲ ਕੌਰ,ਮੁਸਕਾਨ ਮੋਨੂ ਦੇਵੀ | ਤੀਜਾ ਸਥਾਨ |
| ਪੈਨਚੈਕ ਸਿਲਾਟ | ਅੰਜੂ | ਪਹਿਲਾ ਸਥਾਨ |
| (Tunggal event) | ਅੰਜੂ | ਪਹਿਲਾ ਸਥਾਨ |
| ਇੰਟਰ ਕਾਲਜ | | |
| ਵੂਸ਼ੂ | ਅੰਜੂ | ਦੂਜਾ ਸਥਾਨ |
| ਫੈਨਸਿੰਗ | ਜਸ਼ਨਪ੍ਰੀਤ ਕੌਰ,ਜਸਪ੍ਰੀਤ ਕੌਰ ਜਸ਼ਨਪ੍ਰੀਤ | ਤੀਜਾ ਸਥਾਨ |
| ਹੈਂਡਬਾਲ | ਕਵਿਤਾ,ਮੋਨੂ ਦੇਵੀ,ਕੋਮਲ ਰਾਣੀ ਛਿੰਦਰਪਾਲ,ਵੀਰਪਾਲ,ਅਕਵਿੰਦਰ, ਜਸਵਿੰਦਰ,ਸੇਜਲਪ੍ਰੀਤ,ਸਿਮਰ | ਚੌਥਾ ਸਥਾਨ |
| ਪੈਨਚੈਂਕ ਸਿਲਾਟ | ਅੰਜੂ | ਕਾਂਸੀ ਮੈਡਲ(5ਵਾਂ ਪੈਨੇਚੈਕ ਸਿਲਾਟ ਫੈਡਰੇਸ਼ਨ ਕੱਪ |
| ਗਰੈਪਲਿੰਗ ਰੈਸਲਿੰਗ | ਅੰਜੂ | ਗੋਲਡਮੈਡਲ(ਆਲਇੰਡੀਆ ਇੰਟਰਯੂਨੀਵਰਸਿਟੀ ਗਰੈਪਲਿੰਗ ਰੈਸਲਿੰਗ ਚੈਪੀਅਨਸ਼ਿਪ) |

ਪੰਜਾਬ ਸੀਨੀਅਰ ਵੂਮੈਨ ਅਤੇ ਮੈਨ ਫਰੂਸਟਾਈਲਡ ਰੈਸਲਿੰਗ ਚੈਂਪੀਅਨਸ਼ਿਪ ਜੋ ਕਿ 4-5 ਮਾਰਚ 2023 ਨੂੰ ਹਕੀਮਪੁਰ ਵਿਖੇ ਹੋਈ ਜਿਸ ਵਿੱਚ ਮੋਨੂੰ ਦੇਵੀ ਨੇ ਤੀਜਾ ਸਥਾਨ ਹਾਸਿਲ ਕੀਤਾ।

ਸਟੇਟ ਹੈਂਡਬਾਲ ਚੈਂਪੀਅਨਸ਼ਿਪ ਜੋ ਕਿ ਲੁਧਿਆਣਾ ਵਿਖੇ ਹੋਈ ਜਿਸ ਵਿੱਚ ਮੋਨੂ ਦੇਵੀ, ਵੀਰਪਾਲ ਕੌਰ,ਮੁਸਕਾਨ,ਛਿੰਦਰਪਾਲ ਕੌਰ, ਕੋਮਲ ਰਾਣੀ ਨੇ ਤੀਜਾ ਸਥਾਨ ਹਾਸਿਲ ਕੀਤਾ।

ਇੰਟਰ ਕਾਲਜ ਹੈਂਡਬਾਲ ਚੈਂਪੀਅਨਸ਼ਿਪ ਜੋ ਕਿ 5-6 ਅਪ੍ਰੈਲ2023 ਨੂੰ ਮੀਰਾਪੁਰ ਵਿਖੇ ਹੋਈ ਜਿਸ ਵਿੱਚ ਮੋਨੂੰ ਦੇਵੀ, ਕਵਿਤਾ, ਕੋਮਲ ਰਾਣੀ, ਛਿੰਦਰਪਾਲ ਕੌਰ, ਵੀਰਪਾਲ ਕੌਰ,ਅਕਵਿੰਦਰ ਕੌਰ, ਜਸਵਿੰਦਰ, ਸਾਜਿਲਪ੍ਰੀਤ ਕੌਰ,ਸਿਮਰਨ ਨੇ ਚੌਥਾ ਸਥਾਨ ਹਾਸਿਲ ਕੀਤਾ।

ਪੈਨਚੈਕ ਸਿਲਾਟ ਚੈਂਪੀਅਨਸ਼ਿਪ ਜੋ ਕਿ 12 ਫਰਵਰੀ 2022 ਨੂੰ ਅੰਮ੍ਰਿਤਸਰ(ਪੰਜਾਬ) ਵਿਖੇ ਹੋਈ ਜਿਸ ਵਿੱਚ ਅੰਜੂ ਨੇ ਗੋਲਡ ਮੈਡਲ ਹਾਸਿਲ ਕੀਤਾ।

ਸੀਨੀਅਰ ਅਤੇ ਮਾਸਟਰ ਨੈਸ਼ਨਲ ਚੈਂਪੀਅਨਸ਼ਿਪ ਆਫ ਪੈਨਚੈਕ ਸਿਲਾਟ ਜੋ ਕਿ 11 ਤੋਂ 14 ਮਾਰਚ 2022 ਨੂੰ ਹੋਈ ਜਿਸ ਵਿੱਚ ਅੰਜੂ ਨੇ ਰੇਗੂ ਈਵੈਂਟ ਵਿੱਚ ਹਿੱਸਾ ਲਿਆ।

ਆਲ ਇੰਡੀਆਂ ਇੰਟਰ ਯੂਨੀਵਰਸਿਟੀ ਪੈਨਚੈੱਕ ਸਿਲਾਟ ਚੈਂਪੀਅਨਸ਼ਿਪ ਜੋ ਕਿ 24-26 ਮਈ 2022 ਨੂੰ ਜੰਮੂ ਯੂਨੀਵਰਸਿਟੀ ਵਿਖੇ ਹੋਈ ਜਿਸ ਵਿੱਚ ਅੰਜੂ ਨੇ ਰੇਂਗੂ ਵਿੱਚ ਕਾਂਸੀ ਮੈਡਲ ਅਤੇ ਮਨੀਸ਼ਾ ਤੇ ਅਮਨਦੀਪ ਨੇ ਟੈਂਡਿੰਗ ਈਵੈਂਟ ਵਿੱਚ ਸਿਲਵਰ ਮੈਡਲ ਹਾਸਿਲ ਕੀਤਾ।

ਆਈਸ ਸਟੋਕ

ਤੀਜੀਆਂ ਖੇਲੋ ਇੰਡੀਆ ਨੈਸ਼ਨਲ ਵਿੰਟਰ ਗੇਮਜ ਜੋ ਕਿ 10 ਤੋਂ 14 ਫਰਵਰੀ 2023 ਨੂੰ ਕਸ਼ਮੀਰ ਗੁਲਮਰਗ ਵਿਖੇ ਹੋਈ, ਜਿਸ ਵਿੱਚ ਅੰਜੂ ਅਤੇ ਮਨੀਸ਼ਾ ਨੇ ਕਾਂਸੀ ਮੈਡਲ ਹਾਸਿਲ ਕੀਤਾ।

ਨੇਵੀਂ ਆਈਸ ਸਟੋਕ ਸਪੋਰਟਸ ਚੈਂਪੀਅਨਸ਼ਿਪ ਜੋ ਕਿ 1 ਤੋਂ 4 ਫਰਵਰੀ 2023 ਨੂੰ ਗੁਲਮਰਗ ਕਸ਼ਮੀਰ ਵਿਖੇ ਹੋਈ ਜਿਸ ਵਿੱਚ ਅੰਜੂ, ਮਨੀਸ਼ਾ ਅਤੇ ਅਮਨਦੀਪ ਨੇ ਸਿਲਵਰ ਮੈਡਲ ਹਾਸਿਲ ਕੀਤਾ।

## ਸੱਭਿਆਚਾਰਕ ਗਤੀਵਿਧੀਆਂ :

ਕਾਲਜ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਰੋਪੜ੍ਹ-ਫਤਹਿਗੜ੍ਹ ਸਾਹਿਬ ਜ਼ੋਨ ਦੇ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਵਿੱਚ 'ਖੇਤਰੀ ਯੁਵਕ ਅਤੇ ਲੋਕ ਮੇਲਾ' ਵਿਚ 59 ਕਾਲਜਾਂ ਦੇ ਮੁਕਾਬਲਿਆਂ ਵਿਚ ਮਾਣ-ਮੱਤੀਆਂ ਪ੍ਰਾਪਤ ਕੀਤੀਆਂ ਹਨ।

ਖੇਤਰੀ ਯੁਵਕ ਮੇਲੇ ਅਤੇ ਲੋਕ ਮੇਲੇ ਦੀਆਂ ਵੱਖ-ਵੱਖ ਆਈਟਮਾਂ ਵਿਚ ਕਾਲਜ ਦੀਆਂ ਪ੍ਰਾਪਤੀਆਂ :

➢ ਪ੍ਰਦਰਸ਼ਨੀ ਲੋਕ-ਕਲਾਵਾਂ :

| ਲੜੀ ਨੰ: | ਆਈਟਮ | ਪੁਜ਼ੀਸ਼ਨ | ਵਿਦਿਆਰਥੀ ਦਾ ਨਾਂ | ਕਲਾਸ |
|---|---|---|---|---|
| 1 | ਕਢਾਈ | ਪਹਿਲਾ ਸਥਾਨ | ਕਾਜਲ ਕੁਮਾਰੀ | ਬੀ.ਏ. ਭਾਗ ਦੂਜਾ |
| 2 | ਖਿੱਦੋ ਬਣਾਈ | ਤੀਜਾ ਸਥਾਨ | ਪ੍ਰੀਆ | ਬੀ.ਏ. ਭਾਗ ਦੂਜਾ |
| 3 | ਪਰਾਂਦਾ | ਤੀਜਾ ਸਥਾਨ | ਹਸਨਪ੍ਰੀਤ ਕੌਰ | ਬੀ.ਏ ਭਾਗ ਦੂਜਾ |

| | | | | |
|---|---|---|---|---|
| 4 | ਇੰਨੂ ਬਣਾਈ | ਦੂਜਾ ਸਥਾਨ | ਸੁਮਨਦੀਪ ਕੌਰ | ਬੀ.ਏ. ਭਾਗ ਦੂਜਾ |
| 5 | ਗੁੱਡੀਆਂ ਬਣਾਈ | ਤੀਜਾ ਸਥਾਨ | ਕੋਮਲਪ੍ਰੀਤ ਕੌਰ | ਬੀ.ਏ.ਭਾਗ ਪਹਿਲਾ |

**ਫਾਈਨ ਆਰਟਸ :**

| ਲੜੀ ਨੰ: | ਆਈਟਮ | ਪੁਜ਼ੀਸ਼ਨ | ਵਿਦਿਆਰਥੀ ਦਾ ਨਾਂ | ਕਲਾਸ |
|---|---|---|---|---|
| 1 | ਰੰਗੋਲੀ | ਦੂਜਾ ਸਥਾਨ | ਹਰਮਨਦੀਪ ਕੌਰ | ਬੀ.ਏ. ਭਾਗ ਤੀਜਾ |
| 2 | ਸਲੋਗਨ ਮੇਕਿੰਗ | ਪਹਿਲਾ ਸਥਾਨ | ਗੌਤਮੀ | ਬੀ.ਸੀ.ਏ ਭਾਗ ਤੀਜਾ |
| 3 | ਇੰਨਸਟਾਲੇਸ਼ਨ | ਦੂਜਾ ਸਥਾਨ | ਸੋਮਨਪ੍ਰੀਤ ਕੌਰ | ਬੀ.ਏ ਭਾਗ ਪਹਿਲਾ |
| 4 | ਇੰਨਸਟਾਲੇਸ਼ਨ | ਤੀਜਾ ਸਥਾਨ | ਸ਼ਿਵਾਨੀ | ਬੀ.ਏ ਭਾਗ ਪਹਿਲਾ |

ਸੰਗੀਤ ਕਲਾਂਵਾਂ :

| ਲੜੀ ਨੰ: | ਆਈਟਮ | ਸਥਾਨ | ਵਿਦਿਆਰਥੀ ਦਾ ਨਾਂ | ਕਲਾਸ |
|---|---|---|---|---|
| 1 | ਕਵਿਸ਼ਰੀ | ਤੀਜਾ ਸਥਾਨ | ਜਗਜੀਤ ਕੌਰ<br>ਮਨਪ੍ਰੀਤ ਕੌਰ<br>ਦਲਜੀਤ ਕੌਰ | ਬੀ.ਏ ਭਾਗ ਤੀਜਾ<br>ਬੀ.ਏ ਭਾਗ ਦੂਜਾ<br>ਬੀ.ਕਾਮ ਭਾਗ ਦੂਜਾ |
| 2 | ਰਵਾਇਤੀ ਲੋਕ ਗੀਤ(ਲੰਮੀਆਂ ਹੇਕਾਂ ਵਾਲੇ) | ਤੀਜਾ ਸਥਾਨ | ਮਨਪ੍ਰੀਤ ਕੌਰ<br>ਜਸ਼ਨਪ੍ਰੀਤ ਕੌਰ | ਬੀ.ਸੀ.ਏ ਭਾਗ ਤੀਜਾ<br>ਬੀ.ਏ ਭਾਗ ਪਹਿਲਾ |

ਆਨ ਦੀ ਸਪੌਟ ਪੇਟਿੰਗ ਵਿੱਚ ਗੌਤਮੀ ਬੀ.ਸੀ.ਏ ਭਾਗ ਤੀਜਾ ਨੇ ਅੰਤਰ ਖੇਤਰੀ ਯੁਵਕ ਮੇਲੇ ਵਿੱਚ ਤੀਜਾ ਸਥਾਨ ਹਾਸਲ ਕੀਤਾ।

ਰੰਗੋਲੀ ਵਿੱਚ ਹਰਮਨਦੀਪ ਕੌਰ ਬੀ.ਏ ਭਾਗ ਤੀਜਾ ਨੇ ਦੂਜਾ ਸਥਾਨ ਹਾਸਲ ਕੀਤਾ।

ਯੁਵਾ ਉਤਸਵ 2023 (ਸਰਕਾਰੀ ਕਾਲਜ,ਰੋਪੜ)

ਪੋਸਟਰ ਮੇਕਿੰਗ ਵਿੱਚ ਸੁਖਪ੍ਰੀਤ ਕੌਰ ਐਮ.ਐਸ.ਸੀ.ਆਈ.ਟੀ.ਨੇ ਤੀਜਾ ਸਥਾਨ ਹਾਸਿਲ ਕੀਤਾ।

ਬੋਲੇ ਲੇਵਲ ਸਵੀਪ ਕੰਪੀਟੀਸ਼ਨ ਜੋ 15 ਨਵੰਬਰ 2022 ਨੂੰ ਬ.ਜ.ਸ.ਫ.ਸ.ਖਾਲਸਾ ਗਰਲਜ ਕਾਲਜ ਮੋਰਿੰਡਾ ਵਿਖੇ ਹੋਇਆ

| | | | |
|---|---|---|---|
| ਰੰਗੋਲੀ ਮੇਕਿੰਗ | ਪਹਿਲਾ ਸਥਾਨ | ਹਰਮਨਦੀਪ ਕੌਰ | ਬੀ.ਏ ਭਾਗ ਤੀਜਾ |
| ਮਹਿੰਦੀ | ਪਹਿਲਾ ਸਥਾਨ | ਰਵਿਅੰਕਾ ਵਰਮਾ | ਬੀ ਕਾਮ ਭਾਗ ਤੀਜਾ |

## ਐਨ.ਐਸ.ਐਸ :

ਸਿੱਖਿਆ ਦੇ ਨਾਲ - ਨਾਲ ਵਿਦਿਆਰਥੀਆਂ ਵਿੱਚ ਭਾਈਚਾਰਕ ਅਤੇ ਸਮਾਜਿਕ ਸੇਵਾ ਭਾਵਨਾ ਦੀਆਂ ਕਦਰਾਂ-ਕੀਮਤਾਂ ਨੂੰ ਉਜਾਗਰ ਕਰਨ ਦੇ ਮਨੋਰਥ ਤਹਿਤ ਕਾਲਜ ਵਿੱਚ ਤਿੰਨ ਯੂਨਿਟ - ਪ੍ਰੋਗਰਾਮ ਅਫ਼ਸਰ ਪ੍ਰੋ.ਨਵਜੋਤ ਕੌਰ **ਪ੍ਰੋ.ਦਿਵਿਆਂ ਸ਼ਰਮਾ** ਅਤੇ ਪ੍ਰੋ.**ਹਰਵਿਦਰ** ਕੌਰ ਦੀ ਦੇਖ-ਰੇਖ ਹੇਠ ਕਾਰਜਸ਼ੀਲ ਹਨ।

ਐਨ.ਐਸ.ਐਸ ਦੀਆਂ ਵੱਖ-ਵੱਖ ਗਤੀਵਿਧੀਆਂ :

ਯੋਗਾ ਦਿਵਸ :

ਪ੍ਰਿੰ.ਡਾ. ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਕਾਲਜ ਦੇ ਐਨ.ਐਸ.ਐਸ ਵਿਭਾਗ ਵੱਲੋਂ ਅੰਤਰਰਾਸ਼ਟਰੀ ਯੋਗਾ ਦਿਵਸ ਦੇ ਮੌਕੇ ਤੇ ਲੜੀ ਵਾਰ ਪ੍ਰੋਗਰਾਮ ਚਲਾਏ ਗਏ ਜਿਸ ਦੇ ਅੰਤਰਗਤ ਯੋਗਾ ਤੇ ਵੈਲਨੇਸ ਇਨਸਟਰਕਟਰ ਸੁਚਿੰਤ ਕੌਰ ਸੋਢੀ ਜੀ ਦੇ ਦੁਆਰਾ ਯੋਗਾ ਦੀ ਸਿਹਤ ਵਿੱਚ ਭੂਮਿਕਾ ਤੇ ਇੱਕ ਰੋਜ਼ਾ ਵਰਕਸ਼ਾਪ ਲਗਾਈ ਗਈ। ਯੋਗਾ ਦਾ ਇੱਕ ਆਨਲਾਈਨ ਪ੍ਰੋਗਰਾਮ 19.05.2022 ਤੋਂ ਆਰੰਭ ਕੀਤਾ ਗਿਆ। ਜਿਸ ਵਿੱਚ ਹਫਤੇ ਦੇ ਦੋ ਦਿਨ ਵਲੰਟੀਅਰਜ਼ ਨੂੰ ਯੋਗ ਅਤੇ ਤੰਦਰੁਸਤੀ ਬਾਰੇ ਜਾਗਰੂਕ ਕੀਤਾ ਗਿਆ ਅਤੇ ਰੋਗ ਪ੍ਰਤੀ ਰੋਧਕ ਸ਼ਕਤੀ ਵਧਾਉਣ ਲਈ, ਸਰੀਰਕ ਤੰਦਰੁਸਤੀ, ਮਾਨਸਿਕ ਜਾਗਰੂਕਤਾ ਅਤੇ ਭਾਵਨਾਤਮਕ ਸਥਿਰਤਾ ਵਧਾਉਣ ਲਈ ਜਾਣਕਾਰੀ ਵੀ ਦਿੱਤੀ ਗਈ। ਕਾਲਜ ਕੈਪਸ ਵਿੱਚ ਯੋਗਾ ਦਿਵਸ ਮਨਾਉਂਦੇ ਹੋਏ ਵਲੰਟੀਅਰਜ਼ ਵੱਲੋਂ ਵੱਖਰੇ ਵੱਖਰੇ ਆਸਨ ਕੀਤੇ ਗਏ ਅਤੇ ਵਲੰਟੀਅਰਜ਼ ਵਲੋਂ ਯੋਗ ਕਰਦੇ ਆਪਣੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਗਈਆਂ। ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਜੀ ਵੱਲੋਂ ਵਲੰਟੀਅਰਜ਼ ਨੂੰ ਯੋਗ ਦੇ ਸਿਧਾਂਤ ਲਾਗੂ ਕਰਕੇ ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਤੇ ਬਿਹਤਰ ਬਣਾਉਣ ਲਈ ਪ੍ਰੇਰਿਤ ਕੀਤਾ ਗਿਆ। ਪ੍ਰੋਗਰਾਮ ਅਫਸਰ ਨਵਜੋਤ ਕੌਰ ਅਤੇ ਦਿਵਿਆ ਸ਼ਰਮਾ,ਹਰਵਿੰਦਰ ਕੌਰ ਵਲੋ ਵੱਖ - ਵੱਖ ਯੋਗ ਆਸਨਾਂ ਦੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਤੇ ਪ੍ਰੋ ਮਨਜੀਤ ਕੌਰ, ਹਰਬੰਸ ਕੌਰ, ਡਾ.ਗੁਰਪ੍ਰੀਤ ਕੌਰ, ਰਾਜਵਿੰਦਰ ਕੌਰ ਅਤੇ ਸਮੂਹ ਸਟਾਫ ਹਾਜ਼ਰ ਸੀ।

ਵਣ ਮਹਾਂਉਤਸਵ :

14 ਜੁਲਾਈ 2022 ਨੂੰ ਕਾਲਜ ਪ੍ਰਬੰਧਕ ਕਮੇਟੀ ਦੇ ਮੈਨੇਜਰ ਸ. ਹਰਬੰਸ ਸਿੰਘ ਜੀ ਕੰਧੋਲਾ ਅਤੇ ਪ੍ਰਿੰਸੀਪਲ ਡਾ. ਪੁਸ਼ਪਿੰਦਰ ਕੌਰ ਦੀ ਯੋਗ ਅਗਵਾਈ ਹੇਠ ਇਸ ਮਾਨਸੂਨ ਰੁੱਤ ਵਿੱਚ ਵਣ ਮਹਾਂਉਤਸਵ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਤੇ ਕਾਲਜ ਪ੍ਰਬੰਧਕ ਕਮੇਟੀ ਦੇ ਮੈਨੇਜਰ ਸ.ਹਰਬੰਸ ਸਿੰਘ ਜੀ ਕੰਧੋਲਾ ਅਤੇ ਪ੍ਰਿੰਸੀਪਲ ਡਾ. ਪੁਸ਼ਪਿੰਦਰ ਕੌਰ ਵੱਲੋਂ ਵਿਦਿਆਰਥਣਾਂ ਨੂੰ ਬੂਟੇ ਵੰਡੇ ਗਏ। ਵਿਦਿਆਰਥਣਾਂ ਨੂੰ ਆਪਣੇ ਘਰਾਂ ਅਤੇ ਆਲ਼ੇ-ਦੁਆਲ਼ੇ ਖਾਲੀ ਥਾਂਵਾਂ ਉੱਤੇ ਬੂਟੇ ਲਗਾਉਣ ਤੇ ਉਹਨਾਂ ਦੀ ਦੇਖਭਾਲ ਕਰਨ ਬਾਰੇ ਜਾਗਰੂਕ ਕੀਤਾ ਗਿਆ। ਕਾਲਜ ਦੇ ਐੱਨ.ਐਸ.ਐਸ ਵਿਭਾਗ, ਵਲੋਂ ਕਾਲਜ ਕੈਂਪਸ,ਰੇਲਵੇ ਟਰੈਕ ਮੋਰਿੰਡਾ ਅਤੇ ਹੋਰ ਸਾਂਝੀਆਂ ਥਾਵਾਂ ਉੱਤੇ ਬੂਟੇ ਲਗਾਏ ਗਏ।

1-15 ਅਗਸਤ ਸਵੱਛਤਾ ਪੱਖਵਾੜਾ ਮੁਹਿੰਮ :

ਪ੍ਰਿੰ.ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਬਾਬਾ ਜ਼ੋਰਾਵਰ ਸਿੰਘ ਫਤਹਿ ਸਿੰਘ ਖਾਲਸਾ ਗਰਲਜ਼ ਕਾਲਜ ਮੋਰਿੰਡਾ ਵਿਖੇ ਸਵੱਛਤਾ ਪੱਖਵਾੜਾ ਮਨਾਇਆ ਗਿਆ ਇਸ ਮੌਕੇ ਤੇ ਵਲੰਟੀਅਰਜ਼ ਵਲੋਂ ਆਪਣਾ ਆਲਾ - ਦੁਆਲਾ ਸਵੱਛ ਰੱਖਣ ਲਈ ਸਹੁੰ ਚੁੱਕੀ ਗਈ। ਫੈਇਨਿਕਸ ਕਲੱਬ ਦੇ ਮੈਡਮ ਪਰਵੀਨ ਕੌਰ ਜੀ ਦੁਆਰਾ ਵੂਮੈਨ ਹੈਲਥ ਅਤੇ ਹਾਈਜੈਨੇ ਤੇ ਅਵੇਰਨੈਸ ਸ਼ੈਸਨ ਕਰਵਾਇਆ ਗਿਆ। ਪ੍ਰੋਗਰਾਮ ਅਫਸਰ ਦਿਵਿਆ ਸ਼ਰਮਾ ਵਲੋਂ

ਵਲੰਟੀਅਰਜ਼ ਨੂੰ ਹੱਥ ਧੋਣ ਦੇ ਸਹੀ ਤਰੀਕੇ ਦਾ ਪ੍ਰਦਰਸ਼ਨ ਵੀ ਦਿਖਾਇਆ ਗਿਆ। ਪ੍ਰੋ.ਮਨਜੀਤ ਕੌਰ ਜੀ ਦੁਆਰਾ ਵਿਦਿਆਰਥੀਆਂ ਨੂੰ ਆਪਣੀ ਸਾਫ - ਸਫਾਈ ਰੱਖਣ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਤੇ ਪ੍ਰੋ. ਨਵਜੋਤ ਕੌਰ,ਪ੍ਰੋ.ਹਰਪ੍ਰੀਤ ਕੌਰ, ਪ੍ਰੋ.ਸਿਮਰਨਜੀਤ ਕੌਰ ਮੌਜੂਦ ਸਨ।

ਪੋਸ਼ਣ ਮਾਹ

ਮਿਤੀ 12 ਸਤੰਬਰ 2022 ਨੂੰ ਪ੍ਰਿੰ ਡਾ. ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਬ.ਜ਼.ਸ.ਫ.ਸ. ਖਾਲਸਾ ਗਰਲਜ਼ ਕਾਲਜ ਮੋਰਿੰਡਾ ਵਿਖੇ ਪੋਸ਼ਨ ਮਾਹ ਮਨਾਇਆ ਗਿਆ। ਇਸ ਦੌਰਾਨ ਕਾਲਜ ਦੇ ਐੱਨ.ਐਸ.ਐਸ ਵਿਭਾਗ ਵੱਲੋਂ ਭੋਜਨ ਪ੍ਰਦਰਸ਼ਨੀ ਲਗਾਈ ਗਈ। ਸਮੂਹ ਸਟਾਫ਼ ਅਤੇ ਵਲੰਟੀਅਰਜ਼ ਦੁਆਰਾ ਭੋਜਨ ਦੀਆਂ ਵੱਖ-ਵੱਖ ਵੰਨਗੀਆਂ ਤਿਆਰ ਕੀਤੀਆਂ ਗਈਆਂ। ਮੁੱਖ ਮਹਿਮਾਨ ਦੇ ਤੌਰ ਤੇ ਮੈਡਮ ਰਜਿੰਦਰ ਕੌਰ ਜੀ CDPO ਮੋਰਿੰਡਾ, ਡਾ.ਹਰਕਿਰਨ ਕੌਰ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ। ਉਹਨਾਂ ਦੁਆਰਾ ਵਲੰਟੀਅਰਜ਼ ਨੂੰ ਸਿਹਤ ਤੇ ਖੁਰਾਕ ਦੇ ਨੁਕਤੇ ਦੱਸੇ ਗਏ। ਇਸ ਮੌਕੇ ਪ੍ਰੋਗਰਾਮ ਅਫ਼ਸਰ ਨਵਜੋਤ ਕੌਰ, ਦਿਵਿਆ ਸ਼ਰਮਾਂ, ਹਰਵਿੰਦਰ ਕੌਰ ਤੋਂ ਇਲਾਵਾ ਸਮੂਹ ਸਟਾਫ਼ ਹਾਜ਼ਿਰ ਸੀ।

ਸਤੁੰਲਿਤ ਭੋਜਨ ਪ੍ਰਦਰਸ਼ਨੀ:

ਐੱਨ.ਐਸ.ਐਸ. ਵਿਭਾਗ ਵਲੋਂ 'ਸਤੁੰਲਿਤ ਆਹਾਰ ਮਹੀਨਾ' ਤਹਿਤ ਵੱਖ ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਕਾਲਜ ਦੇ ਐਨ.ਐਸ.ਐਸ. ਦੇ ਵਲੰਟੀਅਰਜ਼ ਅਤੇ ਪ੍ਰੋਫੈਸਰ ਸਾਹਿਬਾਨ ਵਲੋਂ ਪੌਸ਼ਟਿਕ ਭੋਜਨ ਦੀਆਂ ਲਗਭਗ 25 ਵੰਨਗੀਆਂ ਦੀ ਪ੍ਰਦਰਸ਼ਨੀ ਲਗਾਈ ਗਈ ਅਤੇ ਉਨ੍ਹਾਂ ਨੂੰ ਬਣਾਉਣ ਦੀ ਵਿਧੀ ਵੀ ਦੱਸੀ ਗਈ। ਪ੍ਰਿੰ.ਡਾ.ਪੁਸ਼ਪਿੰਦਰ ਕੌਰ ਨੇ ਮੂੰਗੀ ਦੀ ਛਿਲਕੇ ਵਾਲੀ ਦਾਲ ਬਣਾਉਣ ਦੀ ਸਿਖਲਾਈ ਦਿੱਤੀ ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਸਿਹਤਮੰਦ ਰਹਿਣ ਲਈ ਸਾਨੂੰ ਫਾਸਟ ਫੂਡ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਹਮੇਸ਼ਾ ਸਾਦਾ,ਮੌਸਮੀ,ਘੱਟ ਖਰਚੀਲੀ ਤੇ ਸਤੁੰਲਿਤ ਖੁਰਾਕ ਖਾਣੀ ਚਾਹੀਦੀ ਹੈ।ਇਸ ਸਬੰਧੀ ਸਾਨੂੰ ਆਪਣੇ ਆਲੇ-ਦੁਆਲੇ ਨੂੰ ਵੀ ਸਤੁੰਲਿਤ ਆਹਾਰ ਲੈਣ ਲਈ ਜਾਗਰੂਕ ਕਰਨਾ ਚਾਹੀਦਾ ਹੈ।

## ਸ਼ਹੀਦ ਭਗਤ ਸਿੰਘ ਜੀ ਦਾ 115ਵਾਂ ਜਨਮ ਦਿਹਾੜਾ

ਇਸ ਮੌਕੇ ਤੇ ਇੱਕ ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ। ਸ੍ਰੀਮਤੀ ਰਣਧੀਰ ਕੌਰ(**Daughter in law freedom fighter** ਸ. ਗੁਰਬਖਸ ਸਿੰਘ ਜੀ) ਦੁਆਰਾ ਰੈਲੀ ਨੂੰ ਝੰਡੀ ਦਿਖਾ ਕੇ ਰੈਲੀ ਨੂੰ ਰਵਾਨਾ ਕੀਤਾ ਗਿਆ। ਇਸ ਦੀ ਅਗਵਾਈ ਪ੍ਰੋ.ਮਨਜੀਤ ਕੌਰ ਅਤੇ ਡਾ.ਸਰਵਜੀਤ ਕੌਰ ਦੁਆਰਾ ਕੀਤੀ ਗਈ। ਪ੍ਰਿ.ਡਾ. ਪੁਸ਼ਪਿੰਦਰ ਕੌਰ ਜੀ ਦੁਆਰਾ ਨੌਜਵਾਨ ਭਾਰਤ ਸਭਾ ਤੇ ਭਗਤ ਸਿੰਘ ਦੀ ਸ਼ਹੀਦੀ ਤੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਤੇ ਮਨਜੀਤ ਸਿੰਘ(ਪੀ.ਐਮ.ਆਈ.ਡੀ.ਸੀ),ਗੁਰਲਾਲ ਸਿੰਘ(ਸੁਪਰਵਾਈਜ਼ਰ ਐਮ.ਸੀ.ਆਫਿਸ ਮੋਰਿੰਡਾ) ਆਮੀਰ ਹਸਨ( ਕਲਰਕ ਐਮ.ਸੀ.ਆਫਿਸ ਮੋਰਿੰਡਾ) ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਅਤੇ ਸ਼ਹੀਦ ਭਗਤ ਸਿੰਘ ਜੀ ਦੀ ਸ਼ਹਾਦਤ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਪ੍ਰੋ.ਨਵਜੋਤ ਕੌਰ ਦੁਆਰਾ ਸ਼ਹੀਦ ਭਗਤ ਸਿੰਘ ਜੀ ਦੀ ਜੀਵਨੀ ਤੋਂ ਅਸੀਂ ਕੀ ਸਿੱਖਿਆ ਤੇ ਚਾਨਣਾ ਪਾਇਆ। ਵਿਦਿਆਰਥੀ ਜਸਵਿੰਦਰ ਕੌਰ,ਬਲਵਿੰਦਰ ਕੌਰ, ਕਾਜਲ,ਦਮਨਜੋਤ ਕੌਰ,ਅਮਨਜੋਤ ਕੌਰ,ਮਨਪ੍ਰੀਤ ਕੌਰ ਦੁਆਰਾ ਸ਼ਹੀਦ ਭਗਤ ਸਿੰਘ ਜੀ ਜੀਵਨੀ ਤੇ ਸਿਧਾਤਾਂ ਬਾਰੇ ਜਾਣੂ ਕਰਵਾਇਆ ਗਿਆ।ਪ੍ਰੋ ਦਿਵਿਆ ਸ਼ਰਮਾ,ਪ੍ਰੋ ਹਰਪ੍ਰੀਤ ਕੌਰ, ਪ੍ਰੋ ਕਮਲਜੀਤ ਕੌਰ ਦੁਆਰਾ ਨਿਰਦੇਸ਼ਿਤ ਨਾਟਕ ਭਗਤ ਸਿੰਘ ਜੀ ਦਾ -ਜੀਵਨ ਇੱਕ ਪ੍ਰੇਰਨਾ ਖੇਡਿਆ ਗਿਆ ਇਸ ਮੌਕੇ ਤੇ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਿਰ ਸੀ।

## ਵਾਤਾਵਰਨ ਚੇਤਨਾ ਰੈਲੀ

ਪ੍ਰਿੰ.ਡਾ ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਕਾਲਜ ਵਿਭਾਗ ਵੱਲੋਂ "ਮੈਗਾ ਜਾਗਰੂਕਤਾ ਮੁਹਿੰਮ" ਦੇ ਅੰਤਰਗਤ ਕਾਲਜ ਦੇ ਨਾਲ ਲੱਗਦੇ ਪਿੰਡ ਢੋਲਣ ਮਾਜਾਰ, ਮੁੰਡੀਆ, ਅਰਨੌਲੀ ਅਤੇ ਬੰਗੀਆਂ ਵਿਖੇ ਵਾਤਾਵਰਨ ਚੇਤਨਾ ਰੈਲੀ ਕੱਢੀ ਗਈ। ਇਸ ਦੌਰਾਨ ਵਲੰਟੀਅਰਜ਼ ਦੁਆਰਾ ਕਿਸਾਨਾ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਪਰਾਲੀ ਦੇ ਸਾੜਨ ਨਾਲ ਹੋਣ ਵਾਲੇ ਨੁਕਸਾਨਾਂ ਪ੍ਰਤੀ ਜਾਗਰੂਕ ਕਰਵਾਇਆ ਗਿਆ। ਇਸ ਮੌਕੇ ਤੇ ਪ੍ਰੋਗਰਾਮ ਅਫਸਰ ਨਵਜੋਤ ਕੌਰ,ਹਰਵਿੰਦਰ ਕੌਰ, ਅਤੇ ਹਰਪ੍ਰੀਤ ਕੌਰ ਹਾਜ਼ਰ ਸਨ।

ਇੱਕ ਰੋਜ਼ਾ ਐਨ.ਐਸ.ਐਸ. ਕੈਂਪ :

ਪ੍ਰਿੰ:ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ "ਕਲੀਨ ਇੰਡੀਆ" (01 ਤੋਂ 31 ਅਕਤੂਬਰ) ਮੁਹਿੰਮ ਤਹਿਤ ਇੱਕ ਰੋਜ਼ਾ ਐਨ.ਐਸ.ਐਸ ਕੈਂਪ ਲਗਾਇਆ ਗਿਆ।ਪ੍ਰੋਗਰਾਮ ਅਫਸਰ ਪ੍ਰੋ.ਮਨਜੀਤ ਕੌਰ, ਪ੍ਰੋ.ਨਵਜੋਤ ਕੌਰ ਅਤੇ ਸ੍ਰੀਮਤੀ ਲਵਪ੍ਰੀਤ ਕੌਰ ਦੀ ਦੇਖ-ਰੇਖ ਹੇਠ 100 ਵਲੰਟੀਅਰਜ਼ ਨੇ ਭਾਗ ਲਿਆ ਅਤੇ ਕਾਲਜ ਕੈਂਪਸ ਦੀ ਸਾਫ-ਸਫ਼ਾਈ ਕਰਦਿਆਂ ਹੋਰ ਵਿਦਿਆਰਥੀਆਂ ਨੂੰ ਵੀ ਆਲਾ-ਦੁਆਲਾ ਸਾਫ ਰੱਖਣ ਲਈ ਪ੍ਰੇਰਿਤ ਕੀਤਾ।

ਰਾਸ਼ਟਰੀ ਸੰਵਿਧਾਨ ਦਿਵਸ( ਮਿਤੀ 26 ਨਵੰਬਰ 2022) :

ਮਿਤੀ 26 ਨਵੰਬਰ 2022 ਨੂੰ ਪ੍ਰਿੰ.ਡਾ ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਬਾਬਾ ਜ਼ੋਰਾਵਰ ਸਿੰਘ ਫਤਹਿ ਸਿੰਘ ਖਾਲਸਾ ਗਰਲਜ਼ ਕਾਲਜ ਮੋਰਿੰਡਾ ਵਿਖੇ ਐਨ.ਐਸ.ਐਸ ਵਲੰਟੀਅਰਜ਼ ਦੁਆਰਾ ਸੰਵਿਧਾਨ ਦਿਵਸ ਮਨਾਇਆ ਗਿਆ। ਇਸ ਮੌਕੇ ਪ੍ਰੋ. ਹਰਵਿੰਦਰ ਕੌਰ ( ਰਾਜਨੀਤੀ ਵਿਭਾਗ) ਦੁਆਰਾ ਵਲੰਟੀਅਰਜ਼ ਨੂੰ ਸੰਵਿਧਾਨ ਦਿਵਸ ਬਾਰੇ ਜਾਣਕਾਰੀ ਦਿੱਤੀ ਗਈ। ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਸੰਵਿਧਾਨਿਕ ਜ਼ਿੰਮੇਵਾਰੀਆਂ ਨੂੰ ਉਭਾਰਨਾ, ਸੰਵਿਧਾਨ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਇਸ ਮੌਕੇ ਪ੍ਰੋ.ਨਵਜੋਤ ਕੌਰ ਤੇ ਪ੍ਰੋ. ਦਿਵਿਆ ਸ਼ਰਮਾ ਅਤੇ ਸਮੂਹ ਸਟਾਫ਼ ਮੈਂਬਰਾਨ ਵੀ ਹਾਜ਼ਰ ਸਨ।

- ## ਬੱਡੀ ਗਤੀਵਿਧੀਆਂ

1) ਸੀਨੀਅਰ ਬੱਡੀਜ਼ ਨੇ ਬੱਡੀਜ਼ ਨੂੰ ਕਲਾਸਾਂ ਵਿਚ ਨਸ਼ਿਆਂ ਸੰਬੰਧੀ ਜਾਗਰੂਕ ਕੀਤਾ ਅਤੇ ਆਉਣ ਵਾਲੀਆਂ ਚੋਣਾਂ ਵਿੱਚ ਨਸ਼ਾ ਰਹਿਤ ਵੋਟਿੰਗ ਲਈ ਪ੍ਰੇਰਿਆ।
2) 22 ਫਰਵਰੀ 2022 ਨੂੰ ਪ੍ਰਿੰਸੀਪਲ ਡਾ. ਪੁਸ਼ਪਿੰਦਰ ਕੌਰ ਦੀ ਅਗਵਾਈ ਹੇਠ ਸਟਾਫ਼ ਅਤੇ ਵਿਦਿਆਰਥੀਆਂ ਵਲੋਂ **E-Pledge 'Say yes to life,No To Drugs'** ਲਈ ਗਈ।
3) 23 ਮਾਰਚ 2022 ਨੂੰ ਸ.ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਤੇ ਵਿਦਿਆਰਥੀਆਂ ਨੂੰ ਕਲਾਸਾਂ ਵਿਚ ਨਸ਼ਿਆਂ ਤੋਂ ਦੂਰ ਰਹਿ ਕੇ ਭਗਤ ਸਿੰਘ ਦੇ ਸੁਪਨਿਆਂ ਵਾਲੇ ਨੌਜਵਾਨ ਬਣਨ ਲਈ ਪ੍ਰੇਰਿਤ ਕੀਤਾ ਗਿਆ।
4) 20 ਮਈ ਮਹੀਨੇ ਵਿੱਚ ਰਾਊਂਡ ਗਲਾਸ ਫਾਊਂਡੇਸ਼ਨ ਮੋਹਾਲੀ ਦੇ ਇੰਸਟਰਕਰ ਵੈਲਨੈਸ ਟੀਚਰ ਮਿਸ ਸੁਚਿੰਤ ਕੌਰ ਵਲੋਂ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਪ੍ਰਹੇਜ ਅਤੇ ਯੋਗਾ ਵਲ ਪ੍ਰੇਰਿਤ ਕਰਨ ਲਈ ਵਟਸਅਪ ਗਰੁੱਪ ਜੁਆਇੰਨ ਕਰਵਾਏ ਗਏ।
5) 12 ਅਗਸਤ 2022 ਨੂੰ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਕਾਲਜ ਦੇ ਵਿਦਿਆਰਥੀਆਂ ਅਤੇ ਸਮੂਹ ਸਟਾਫ਼ ਦੁਆਰਾ ਸਹੁੰ ਚੁੱਕੀ ਗਈ ਅਤੇ ਫੋਟੋਜ਼ ਏਕਮ ਪੋਰਟਲ ਤੇ ਅਪਲੋਡ ਕੀਤੀਆਂ ਗਈਆਂ।

6) 28 ਸਤੰਬਰ 2022 ਨੂੰ ਸ਼ਹੀਦੇ-ਆਜ਼ਮ ਸ.ਭਗਤ ਸਿੰਘ ਦੇ ਜਨਮ ਦਿਵਸ ਤੇ ਵਿਦਿਆਰਥੀਆਂ ਨੂੰ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਜਾਣੂੰ ਕਰਵਾਇਆ ਗਿਆ ਅਤੇ ਨਸ਼ਿਆਂ ਤੋਂ ਦੂਰ ਰਹਿ ਕੇ ਦੇਸ਼ ਸੇਵਾ ਕਰਨ ਲਈ ਪ੍ਰੇਰਿਆ ਗਿਆ।

7) 8 ਅਕੂਤਬਰ 2022 ਨੂੰ ਕਾਲਜ ਦੇ ਐਨ.ਐਸ.ਐਸ. ਵਿਭਾਗ ਵਲੋਂ ਆਯੋਜਤ ਆਜ਼ਾਦੀ ਕੇ 75 ਸਾਲ ਫਿਟਨੈਸ ਰਹੇ ਬੇਮਿਸਾਲ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ।

8) ਨਵੰਬਰ2022 ਨੂੰ ਨਿਊ ਪੰਜਾਬ ਤੇ ਉੱਤੇ ਵਿਦਿਆਰਥੀਆਂ ਨੂੰ ਪੰਜਾਬ ਵਿਚ ਵਧ ਰਹੇ ਨਸ਼ੇ ਦੀ ਸਮੱਸਿਆ ਤੋਂ ਜਾਣੂੰ ਕਰਵਾਇਆ ਗਿਆ।

9) 23 ਫਰਵਰੀ 2023 ਨੂੰ ਵਰਲਡ ਰੋਟਰੀ ਡੇਅ ਉੱਤੇ ਵਿਦਿਆਰਥੀਆਂ ਨੂੰ ਨਸ਼ਾ ਮੁਕਤ ਸਮਾਜ ਸਿਰਜਣ ਵਿੱਚ ਆਪਣਾ ਯੋਗਦਾਨ ਪਾਉਣ ਦਾ ਸਨੇਹਾ ਦਿਤਾ ਗਿਆ।

10) 23 ਮਾਰਚ ਨੂੰ ਸ.ਭਗਤ ਸਿੰਘ ,ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੇ ਦਿਹਾੜੇ ਉੱਤੇ ਸ਼ਹੀਦਾ ਦੇ ਪੂਰਨਿਆਂ ਤੇ ਚਲਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਦਿਤਾ ਗਿਆ।

11) ਅਪ੍ਰੈਲ ਵਿਚ ਵਿਸਾਖੀ ਦੇ ਦਿਹਾੜੇ ਤੇ ਵਿਦਿਆਰਥੀਆਂ ਨੂੰ ਨਸ਼ਿਆ ਤੋਂ ਦੂਰ ਰਹਿਣ ਦਾ ਸੁਨੇਹਾ ਦਿਤਾ ਗਿਆ।

12) 8ਮਈ 2023 ਨੂੰ ਅੰਤਰਰਾਸ਼ਟਰੀ ਰੈਡ ਕਰਾਸ ਦਿਵਸ ਉੱਤੇ ਸ.ਜਸਵੀਰ ਸਿੰਘ ਕੌਂਸਲਰ ਡੀ-ਅਡਿਕਸ਼ਨ ਸੈਂਟਰ ਮੋਰਿੰਡਾ ਦੁਆਰਾ ਵਿਦਿਆਰਥੀਆਂ ਨੂੰ ਨਸ਼ਾ ਮੁਕਤ ਸਮਾਜ ਸਿਰਜਣ ਦਾ ਸੁਨੇਹਾ ਦਿਤਾ ਗਿਆ।

- ਮਹਿੰਦੀ ਈਕੋ ਕਲੱਬ–
- 2 ਅਕਤੂਬਰ 2022 ਨੂੰ ਸਵੱਛਤਾ ਪਖਵਾੜੇ ਦੇ ਅੰਤਰਗਤ ਕਾਲਜ ਵਿਚਲੇ ਹਰਬਲ ਗਾਰਡਨ ਦੀ ਸਫ਼ਾਈ ਕਰਵਾਈ ਗਈ।
- 14 ਜੁਲਾਈ 2022 ਨੂੰ ਵਣ ਮਹਾਉਸਤਵ ਤਹਿਤ ਵਿਦਿਆਰਥਣਾਂ ਵੱਲੋਂ 300 ਬੂਟੇ ਆਸ-ਪਾਸ ਦੇ ਪਿੰਡਾਂ, ਹਾਈਵੇ ਨਾਲ ਲਗਦੀ ਖਾਲੀ ਥਾਂ ਅਤੇ ਕਈ ਸਕੂਲਾਂ ਵਿੱਚ ਲਗਾਏ ਗਏ। ਕਾਲਜ ਕੈਂਪਸ ਕਾਲਜ ਦੇ ਪ੍ਰਬੰਧਕ ਕਮੇਟੀ ਦੇ ਮੈਨੇਜਰ ਸਰਦਾਰ ਹਰਬੰਸ ਸਿੰਘ ਕੰਧੋਲਾ ਅਤੇ ਪ੍ਰਿੰ ਡਾ ਪੁਸ਼ਪਿੰਦਰ ਕੌਰ ਵੱਲੋਂ ਬੂਟਾ ਲਗਾ ਕੇ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਵਿਦਿਆਰਥਣਾਂ ਵੱਲੋਂ ਬੜੇ ਉਤਸ਼ਾਹ ਨਾਲ 'ਬੂਟੇ ਲਗਾਓ ਜੀਵਨ ਬਚਾਓ' ਮੁਹਿੰਮ ਵਿੱਚ ਭਾਗ ਲਿਆ।
- 14 ਮਾਰਚ 2023 ਨੂੰ ਕਾਲਜ ਕੈਂਪਸ ਵਿੱਚ ਸਥਿਤ ਹਰਬਲ ਗਾਰਡਨ ਵਿੱਚ ਕੜੀ ਪੱਤਾ, ਬਹੇੜਾ, ਬੂਹੀ ਆਮਲਾ, ਐਲੀਵੇਰਾ, ਜਾਮਣ, ਅੰਬ, ਸਫ਼ੇਦ ਮੁਸਲੀ ਆਦਿ ਵਿਭਿੰਨ ਬੂਟੇ "ਸਰਸਵਤੀ ਆਯਰੂਵੈਦਿਕ ਹਸਪਤਾਲ ਅਤੇ ਮੈਡੀਕਲ ਕਾਲਜ" ਵਿੱਚੋਂ ਲਿਆ ਕੇ ਲਾਏ ਗਏ।
- 8 ਮਈ 2023 ਨੂੰ ਮਹਿੰਦੀ ਈਕੋ ਕਲਬ ਵੱਲੋਂ ਅੰਤਰ ਰਾਸ਼ਟਰੀ ਰੈਡ ਕਰਾਸ ਦਿਵਸ ਮਨਾਇਆ ਗਿਆ। ਇਸ ਮੌਕੇ ਵਣ ਅਧਿਕਾਰੀ ਸ੍ਰੀ ਚਮਕੌਰ ਸਾਹਿਬ ਦੁਆਰਾ ਆਏ ਹੋਏ ਅਧਿਕਾਰੀਆਂ ਅਤੇ ਹੋਰ ਮਹਿਮਾਨਾਂ ਨੂੰ ਮੁਫ਼ਤ ਬੂਟੇ ਵੰਡੇ ਗਏ। ਐਸ.ਡੀ.ਐਮ. ਮੋਰਿੰਡਾ ਵਲੋਂ ਕਾਲਜ ਕੈਂਪਸ ਵਿਚ ਪੌਦਾ ਵੀ ਲਗਾਇਆ ਗਿਆ।ਉਹਨਾਂ ਵਲੋਂ ਵਧ ਤੋਂ ਵਧ ਬੂਟੇ ਲਗਾਉਣ ਦਾ ਸੁਨੇਹਾ ਦਿੱਤਾ ਗਿਆ।

## ਰੈਡ ਰਿਬਨ ਕਲੱਬ-

- 16 ਸਤੰਬਰ 2022 ਨੂੰ ਰੈਡ ਰਿੱਬਨ ਕਲੱਬ ਵਲੋਂ ਕਾਲਜ ਪੱਧਰ ਤੇ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਜੀ ਦੀ ਅਗਵਾਈ ਹੇਠ ਕੁਇਜ਼ ਮੁਕਾਬਲੇ ਕਰਵਾਏ ਗਏ। ਰੈਡ ਰਿਬਨ ਕਲੱਬ ਵਲੋਂ ਭਖਦੇ ਵਿਸ਼ੇ ਐਚ.ਆਈ.ਵੀ. ਏਡਜ਼ ਟੀ.ਬੀ. ਖੂਨਦਾਨ ਆਦਿ ਵਿਸ਼ੇ ਸਨ। ਇਸ ਮੁਕਾਬਲੇ ਵਿਚ ਕਾਲਜ

ਦੀਆਂ ਵਿਦਿਆਰਥੀਆਂ ਨੇ ਭਾਗ ਲਿਆ। ਜੇਤੂ ਵਿਦਿਆਰਥਣਾਂ ਦੇ ਨਾ ਹੇਠ ਲਿਖੇ ਅਨੁਸਾਰ ਹਨ।

1) ਲਵਪ੍ਰੀਤ ਕੌਰ ਬੀ.ਏ ਭਾਗ ਦੂਜਾ

2) ਕੋਮਲਪ੍ਰੀਤ ਕੌਰ ਬੀ.ਬੀ.ਏ ਭਾਗ ਦੂਜਾ

3) ਨਵਨੀਤ ਕੌਰ ਬੀ.ਸੀ.ਏ ਭਾਗ ਪਹਿਲਾ

ਪ੍ਰਿੰ.ਡਾ. ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਕਾਲਜ ਦੇ ਐਨ.ਐਸ.ਐਸ ਅਤੇ ਸਰੀਰਕ ਸਿੱਖਿਆ ਵਿਭਾਗ ਵਲੋਂ **Fit india Freedom Run .3.0** ਦੀ ਸ਼ੁਰੂਆਤ ਕੀਤੀ ਗਈ।ਇਸ ਮੌਕੇ ਤੇ ਪ੍ਰਿੰ.ਡਾ ਪੁਸ਼ਪਿੰਦਰ ਕੌਰ ਜੀ ਨੇ ਵਿਦਿਆਰਥੀਆਂ ਨੂੰ ਚੰਗੀ ਸਿਹਤ ਅਤੇ ਕਸਰਤ ਦੀ ਮਹੱਤਤਾ ਬਾਰੇ ਦੱਸਿਆ ਇਸ ਮੌਕੇ ਤੇ ਵਿਦਿਆਰਥੀਆਂ ਲਈ ਰੱਸਾ ਕੱਸੀ ਦੇ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਟੀਮਾਂ ਨੂੰ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਪ੍ਰੋ.ਨਵਜੋਤ ਕੌਰ,ਪ੍ਰੋ ਦਿਵਿਆ ਸ਼ਰਮਾ,ਡਾ.ਸਰਵਨਜੀਤ ਕੌਰ, ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

ਮਿਤੀ 14 ਅਕਤੂਬਰ 2022ਰੈਡ ਰਿਬਨ ਕਲੱਬ ਵਲੋਂ ਭਿਖਦੇ ਵਿਸ਼ੇ ਐੱਚ.ਆਈ.ਵੀ.ਏਡਜ਼, ਨਸ਼ਿਆਂ, ਖੂਨਦਾਨ ਅਤੇ ਟੀ.ਬੀ.ਸੰਬਧੀ ਜ਼ਿਲਾ ਪੱਧਰੀ ਕੁਇਜ਼ ਮੁਕਾਬਲੇ ਸਰਕਾਰੀ ਕਾਲਜ ਰੂਪਨਗਰ ਵਿਖੇ ਰੈਡ ਰਿਬਨ ਕਲੱਬ ਵਲੋਂ ਕਰਵਾਏ ਗਏ ਜਿਸ ਵਿੱਚ ਬਾਬਾ ਜ਼ੋਰਾਵਰ ਸਿੰਘ ਬਾਬਾ ਫਤਿਹ ਸਿੰਘ ਖਾਲਸਾ ਗਰਲਜ਼ ਕਾਲਜ ਮੋਰਿੰਡਾ ਵਲੋਂ ਤੀਜਾ ਸਥਾਨ ਹਾਸਿਲ ਕੀਤਾ। ਪ੍ਰਿੰ. ਡਾ.ਪੁਸ਼ਪਿੰਦਰ ਕੌਰ ਦੁਆਰਾ ਜੇਤੂ ਵਿਦਿਆਰਥਣਾਂ ਲਵਪ੍ਰੀਤ ਕੌਰ ਬੀ.ਏ ਭਾਗ ਦੂਜਾ ਅਤੇ ਨਵਨੀਤ ਕੌਰ ਬੀ.ਸੀ.ਏ ਭਾਗ ਪਹਿਲਾ ਅਤੇ ਰੈਡ ਰਿਬਨ ਕਲੱਬ ਦੇ ਇੰਨਚਾਰਜ ਪ੍ਰੋ. ਦਿਵਿਆ ਸ਼ਰਮਾ ਅਤੇ ਰਾਜਵਿੰਦਰ ਕੌਰ ਨੂੰ ਵਧਾਈ ਦਿੱਤੀ।

01 ਦਸੰਬਰ 2022 ਨੂੰ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਰੈਡ ਰਿਬਨ ਕਲੱਬ ਵਲੋਂ ਅੰਤਰਰਾਸ਼ਟਰੀ ਏਡਜ਼ ਦਿਵਸ ਮਨਾਇਆ ਗਿਆ। ਇਸ ਸਾਲ ਏਡਜ਼ ਦਿਵਸ ਦਾ ਥੀਮ 'ਰੋਕ ਦਾ ਰਿਬਨ' ਅੰਤਰਗਤ ਵਲੰਟੀਅਰਜ਼ ਵਲੋਂ ਪ੍ਰਿੰਸੀਪਲ, ਸਟਾਫ਼ ਅਤੇ ਵਿਦਿਆਰਥੀਆਂ ਦੇ ਰੈੱਡ ਰਿਬਨ ਦੇ ਚਿੰਨ੍ਹ ਲਗਾਏ ਗਏ। ਇਸ ਮੌਕੇ ਵਿਦਿਆਰਥੀਆਂ ਵਲੋਂ ਏਡਜ਼ ਜਾਗਰੂਕਤਾ ਲਈ ਲਾਲ ਚੁੰਨੀਆਂ ਨਾਲ ਚਿੰਨ੍ਹ ਵੀ ਬਣਾਇਆ ਗਿਆ। ਪ੍ਰੋ. ਦਿਵਿਆ ਸ਼ਰਮਾ ਵਲੋਂ ਐਚ.ਆਈ.ਵੀ ਏਡਜ਼ ਵਿਸ਼ੇ ਉੱਤੇ ਵਿਦਿਆਰਥੀਆਂ ਨੂੰ ਲੈਕਚਰ ਵੀ ਦਿੱਤਾ ਗਿਆ। ਇਸ ਸਾਰੇ ਪ੍ਰੋਗਰਾਮ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਪ੍ਰੋ.ਰਾਜਵਿੰਦਰ ਕੌਰ ਵਲੋਂ ਨਿਭਾਈ ਗਈ।

**ਵੱਖ- ਵੱਖ ਵਿਭਾਗਾਂ ਦੀਆਂ ਗਤੀਵਿਧੀਆਂ**

ਇਤਿਹਾਸ ਵਿਭਾਗ

ਰਾਸ਼ਟਰੀ ਏਕਤਾ ਦਿਵਸ :

ਮਿਤੀ 31 ਅਕਤੂਬਰ 2022 ਨੂੰ ਬ.ਜ.ਸ.ਫ.ਸ. ਖਾਲਸਾ ਗਰਲਜ਼ ਕਾਲਜ, ਮੋਰਿੰਡਾ ਵਿਖੇ ਸਰਦਾਰ ਵੱਲਭ ਭਾਈ ਪਟੇਲ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਕਾਲਜ ਦੇ ਇਤਿਹਾਸ ਵਿਭਾਗ ਵੱਲੋਂ ਰਾਸ਼ਟਰੀ ਏਕਤਾ ਦਿਵਸ ਮਨਾਇਆ ਗਿਆ। ਪ੍ਰੋਗਰਾਮ ਦੇ ਆਰੰਭ ਵਿੱਚ ਪ੍ਰੋ.ਰਾਜਵਿੰਦਰ ਕੌਰ ਨੇ ਸਰਦਾਰ ਪਟੇਲ ਦੇ ਜਨਮ ਦਿਵਸ ਦੀ ਵਧਾਈ ਦਿੰਦਿਆਂ ਉਨ੍ਹਾਂ ਦੇ ਜੀਵਨ ਅਤੇ ਵਿਚਾਰਧਾਰਾ ਤੇ ਰੋਸ਼ਨੀ ਪਾਈ, ਫਿਰ ਕਾਲਜ ਦੇ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਵਿਦਿਆਰਥੀਆਂ ਅਤੇ ਸਟਾਫ਼ ਵੱਲੋਂ 'ਰਾਸ਼ਟਰੀ ਏਕਤਾ ਦਿਵਸ' ਸਹੁੰ ਚੁੱਕੀ ਗਈ। ਇਸ ਉਪਰੰਤ ਵਿਦਿਆਰਥੀਆਂ ਨੇ 100 ਮੀਟਰ ਏਕਤਾ ਦੌੜ ਲਗਾਈ। ਕਾਲਜ ਦੇ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਦੇਸ਼ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਬਣਾਏ ਰੱਖਣ ਲਈ ਆਪਣਾ ਯੋਗਦਾਨ ਪਾਉਣ ਲਈ ਜਾਗ੍ਰਿਤ ਕੀਤਾ। ਵਿਦਿਆਰਥੀਆਂ ਵਲੋਂ ਰਾਸ਼ਟਰੀ ਏਕਤਾ ਅਤੇ ਸਰਦਾਰ ਵੱਲਭ ਭਾਈ ਪਟੇਲ ਦੀ

ਵਿਚਾਰਧਾਰਾ ਬਾਰੇ ਸਲੋਗਨਾਂ ਦੇ ਚਾਰਟ ਵੀ ਤਿਆਰ ਕੀਤੇ ਗਏ। ਇਸ ਮੌਕੇ ਸਮੂਹ ਸਟਾਫ਼ ਮੈਂਬਰਾਨ ਵੀ ਹਾਜ਼ਰ ਸਨ।

**ਰਾਜਨੀਤੀ ਵਿਭਾਗ**

**13ਵਾਂ ਰਾਸ਼ਟਰੀ ਵੋਟਰ ਦਿਵਸ**

25 ਜਨਵਰੀ 2023 ਨੂੰ ਕਾਲਜ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਡਾਇਰੈਕਟਰ ਉਚੇਰੀ ਸਿੱਖਿਆ ਵਿਭਾਗ,ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 13ਵਾਂ ਰਾਸ਼ਟਰੀ ਵੋਟਰ ਦਿਵਸ ਮਨਾਇਆ ਗਿਆ। ਐਸ.ਡੀ.ਐਮ ਮੋਰਿੰਡਾ ਅਮਰੀਕ ਸਿੰਘ ਸਿੱਧੂ 13ਵੇਂ ਰਾਸ਼ਟਰੀ ਦਿਵਸ ਤੇ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ ਅਤੇ ਉਹਨਾਂ ਦੁਆਰਾ ਵਿਦਿਆਰਥੀਆਂ ਨੂੰ ਵੋਟਰ ਪ੍ਰਣ ਦਿਵਾਇਆ ਗਿਆ ਅਤੇ ਆਪਣੇ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਸਭ ਤੋਂ ਪਹਿਲਾਂ ਰਾਜਨੀਤੀ ਵਿਭਾਗ ਦੇ ਪ੍ਰੋ.ਹਰਵਿੰਦਰ ਕੌਰ ਵੱਲੋਂ ਵੋਟਰ ਦਿਵਸ ਦੇ ਇਤਿਹਾਸ ਤੇ ਮਹੱਤਤਾ ਬਾਰੇ ਚਾਨਣਾ ਪਾਇਆ। ਪ੍ਰਿੰ.ਡਾ. ਪੁਸ਼ਪਿੰਦਰ ਕੌਰ ਵੱਲੋਂ ਭਾਰਤੀ ਨਾਗਰਿਕ ਹੋਣ ਦੇ ਨਾਤੇ ਆਪਣੇ ਵੋਟ ਦੇ ਅਧਿਕਾਰ ਦੀ ਸਹੀ ਵਰਤੋਂ ਕਰਨ ਬਾਰੇ ਜਾਣੂੰ ਕਰਵਾਇਆ। ਹਰ ਵਿਦਿਆਰਥੀ ਨੂੰ ਜਿਸਦੀ ਉਮਰ 18 ਸਾਲ ਜਾਂ ਵੱਧ ਹੈ ਨੂੰ ਆਪਣੀ ਵੋਟ ਬਣਾਉਣ ਲਈ ਕਿਹਾ। ਵਿਧਾਨ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਨੋਡਲ ਅਫਸਰ ਰਾਬਿੰਦਰ ਸਿੰਘ ਰੱਬੀ ਵਲੋਂ ਵਿਦਿਆਰਥੀਆਂ ਨੂੰ 'ਲੋਕਤੰਤਰ ਵਿਚ ਵੋਟ ਦੀ ਮਹੱਤਤਾ' ਵਿਸ਼ੇ ਉਪਰ ਲੈਕਚਰ ਦਿੱਤਾ ਗਿਆ। ਇਸ ਸਾਲ ਦੇ ਵੋਟਰ ਦਿਵਸ ਦੇ ਰਾਸ਼ਟਰੀ ਥੀਮ **'Nothing like voting, I Vote For Sure'** ਉੱਪਰ ਕਰਵਾਏ ਗਏ ਭਾਸ਼ਣ ਮੁਕਾਬਲੇ ਵਿਚ ਬੀ.ਏ ਭਾਗ ਪਹਿਲਾਂ ਦੀ ਵਿਦਿਆਰਥਣ ਕਾਜਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਤ ਵਿੱਚ ਪ੍ਰੋ. ਹਰਵਿੰਦਰ ਕੌਰ ਵਲੋਂ ਇਸ ਮੌਕੇ ਹਾਜ਼ਰ ਸਾਰੇ ਮਹਿਮਾਨਾਂ, ਪ੍ਰਿੰਸੀਪਲ ਮੈਡਮ,ਸਮੂਹ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ਼ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ।

**ਅੰਗਰੇਜੀ ਵਿਭਾਗ**

ਅੰਤਰਰਾਸ਼ਟਰੀ ਮਹਿਲਾ ਦਿਵਸ

ਮਿਤੀ 7 ਮਾਰਚ 2023 ਨੂੰ ਬ.ਜ.ਸ.ਫ.ਸ. ਖਾਲਸਾ ਗਰਲਜ ਕਾਲਜ, ਮੋਰਿੰਡਾ ਵਿਖੇ ਡਾ.ਪੁਸ਼ਪਿੰਦਰ ਕੌਰ , ਪ੍ਰਿੰਸੀਪਲ ਦੀ ਯੋਗ ਅਗਵਾਈ ਹੇਠ ਅੰਗਰਜੀ ਵਿਭਾਗ ਵੱਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਗਿਆ। ਸ੍ਰੀਮਤੀ ਚਰਨਜੀਤ ਕੌਰ,ਲੈਕਚਰਾਰ ਪੁਲੀਟੀਕਲ ਸਾਇੰਸ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਤਾਜਪੁਰ ਨੇ ਮੁੱਖ ਮਹਿਮਾਨ ਵਜੋ ਸ਼ਿਰਕਤ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ. ਪੁਸ਼ਪਿੰਦਰ ਕੌਰ ਜੀ ਵਲੋਂ ਗਰੀਨ ਪਲਾਂਟ ਦੇ ਕੇ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਗਿਆ। ਅੰਗਰੇਜੀ ਵਿਭਾਗ ਦੇ ਮੁੱਖੀ ਪ੍ਰੋ.ਦਿਵਿਆ ਸ਼ਰਮਾ ਨੇ ਸਟੇਟ ਸੈਕਟਰੀ ਦੀ ਭੂਮਿਕਾ ਨਿਭਾਉਂਦੇ ਹੋਏ ਮਹਿਲਾ ਸਸ਼ਕਤੀਕਰਨ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ। ਸ੍ਰੀਮਤੀ ਚਰਨਜੀਤ ਕੌਰ ਜੀ ਨੇ ਵਿਦਿਆਰਥਣਾਂ ਨਾਲ ਆਪਣੇ ਅਣਮੁੱਲੇ ਵਿਚਾਰ ਸਾਂਝੇ ਕੀਤੇ। ਅੰਤ ਵਿੱਚ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਜੀ ਨੇ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਸਾਰੇ ਸਟਾਫ ਮੈਂਬਰਾਨ ਅਤੇ ਵਿਦਿਆਰਥਣਾਂ ਸ਼ਾਮਿਲ ਸਨ।

## ਲਾਇਬ੍ਰੇਰੀ ਵਿਭਾਗ

- ### ਲਾਇਬ੍ਰੇਰੀ ਓਰੀਐਂਨਟੇਸ਼ਨ ਦਿਵਸ

ਮਿਤੀ 5 ਸਤੰਬਰ 2022 ਦਿਨ ਸੋਮਵਾਰ ਨੂੰ ਅਧਿਆਪਕ ਦਿਵਸ ਦੇ ਮੌਕੇ ਬਾਬਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਗਰਲਜ਼ ਕਾਲਜ ਮੋਰਿੰਡਾ ਵਿਖੇ ਲਾਇਬ੍ਰੇਰੀ ਸਟਾਫ਼ ਵਲੋਂ ਓਰੀਐਂਨਟੇਸ਼ਨ ਦਿਵਸ ਮਨਾਇਆ ਗਿਆ। ਇਸ ਮੌਕੇ ਲਾਇਬ੍ਰੇਰੀਅਨ, ਲਵਪ੍ਰੀਤ ਕੌਰ ਨੇ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਨਵੇਂ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦੀਆਂ ਵੱਖ-ਵੱਖ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਲਾਇਬ੍ਰੇਰੀ ਸਟਾਫ਼ ਵਲੋਂ ਬੀ.ਏ, ਬੀ.ਕਾਮ, ਬੀ.ਸੀ.ਏ ਭਾਗ ਪਹਿਲਾਂ ਦੇ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦੇ ਵੱਖ-ਵੱਖ ਸ਼ੈਕਸ਼ਨਾਂ ਬਾਰੇ ਤੇ ਕਿਤਾਬਾਂ ਦੀ ਜੀਵਨ ਵਿੱਚ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਭਵਿੱਖ ਵਿੱਚ ਵੱਧ ਤੋਂ ਵੱਧ ਲਾਇਬ੍ਰੇਰੀ ਦੀ ਸੇਵਾਵਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ।

- ਸਿੱਖਿਆ ਵਿਭਾਗ ਦੇ ਦਿਸ਼ਾ -ਨਿਰਦੇਸ਼ਾਂ ਤਹਿਤ ਚਲਾਈ ਜਾ ਰਹੀ 'ਬੁੱਕਸ ਡੋਨੇਸ਼ਨ ਟੂ ਲਾਇਬ੍ਰੇਰੀਜ਼' ਮੁਹਿੰਮ ਅਧੀਨ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਅਧਿਆਪਕਾਂ ਵਲੋਂ ਕਾਲਜ ਦੀ ਲਾਇਬ੍ਰੇਰੀ ਲਈ ਕਿਤਾਬਾਂ ਭੇਟ ਕੀਤੀਆਂ ਗਈਆਂ। ਕਾਲਜ ਲਾਇਬ੍ਰੇਰੀਅਨ ਲਵਪ੍ਰੀਤ ਕੌਰ ਨੇ ਅਧਿਆਪਕਾਂ ਵਲੋਂ ਲਾਇਬ੍ਰੇਰੀ ਲਈ ਕਿਤਾਬਾਂ ਭੇਟ ਕਰਨ ਦੇ ਉਪਰਾਲੇ ਦੀ ਸਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਪੁਸਤਕਾਂ ਪੜ੍ਹਨ ਦਾ ਮੌਕਾ ਮਿਲੇਗਾ।
- 

## ਪੰਜਾਬੀ ਵਿਭਾਗ :

10 ਅਗਸਤ 2022 ਨੂੰ ਬਾਬਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਗਰਲਜ਼ ਕਾਲਜ, ਮੋਰਿੰਡਾ ਦੇ ਪੰਜਾਬੀ ਵਿਭਾਗ ਵੱਲੋਂ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਨੇ ਕਾਲਜ ਦੀਆਂ ਮੁਟਿਆਰਾਂ ਨੂੰ ਵਧਾਈ ਦਿੰਦੇ ਹੋਏ ਤੀਆਂ ਦੇ ਤਿਉਹਾਰ ਦੀ ਸਭਿਆਚਾਰਕ ਮਹੱਤਤਾ ਬਾਰੇ ਜਾਣੂੰ ਕਰਵਾਇਆ। ਪੰਜਾਬੀ ਵਿਭਾਗ ਦੇ ਪ੍ਰੋ. ਮਨਜੀਤ ਕੌਰ ਦੀ ਦੇਖ-ਰੇਖ ਹੇਠ ਕਾਲਜ ਦੀਆਂ ਮੁਟਿਆਰਾਂ ਅਤੇ ਮਹਿਲਾ ਸਟਾਫ਼ ਵੱਲੋਂ ਪੀਂਘ ਝੂਟੀ ਗਈ ਅਤੇ ਗਿੱਧੇ ਵਿਚ ਧਮਾਲਾਂ ਪਾਈਆਂ ਗਈਆਂ। ਖੀਰ-ਪੂੜੇ ਖਾਧੇ ਗਏ ਅਤੇ ਰਾਸੇ ਵੰਡੇ ਗਏ।

22 ਅਗਸਤ 2022 ਨੂੰ ਪੰਜਾਬੀ ਵਿਭਾਗ ਦੇ ਪ੍ਰੋ. ਡਾ.ਗੁਰਪ੍ਰੀਤ ਕੌਰ ਅਤੇ ਪ੍ਰੋ.ਮਨਜੀਤ ਕੌਰ ਦੀ ਅਗਵਾਈ ਹੇਠ ਪੰਜਾਬੀ ਸਾਹਿਤ ਸਭਾ ਦੀ ਬੈਠਕ ਬੁਲਾਈ ਗਈ। ਇਸ ਬੈਠਕ ਵਿਚ ਵਿਛੜੀਆਂ ਸਾਹਿਤਕ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਰੱਖਿਆ ਗਿਆ।ਉਪਰੰਤ ਨਵੇਂ ਸ਼ੈਸ਼ਨ ਲਈ ਸਾਹਿਤ ਸਾਹਿਤ ਸਭਾ ਦੇ ਨਵੇਂ ਮੈਂਬਰਾਂ ਦੀ ਚੋਣ ਕੀਤੀ ਗਈ। ਬਲਜਿੰਦਰ ਬੇਗਮ(ਬੇ.ਏ ਭਾਗ ਤੀਜਾ) ਨੂੰ ਪੰਜਾਬੀ ਸਾਹਿਤ ਸਭਾ ਦਾ ਪ੍ਰਧਾਨ ਚੁਣਿਆ ਗਿਆ। ਸੁਖਦੀਪ ਕੌਰ(ਬੀ.ਏ. ਭਾਗ ਦੂਜਾ) ਉਪ ਪ੍ਰਧਾਨ ਬਣਾਈ ਗਈ। ਰਜਨੀਸ਼ ਧਾਲੀਵਾਲ(ਬੀ.ਏ. ਭਾਗ ਤੀਜਾ) ਦੀ ਖਜ਼ਾਨਚੀ ਵਜੋਂ ਚੋਂਣ ਹੋਈ। ਇਸ ਦੇ ਨਾਲ ਕਾਲਜ ਵਿਚ ਸਥਾਪਤ 'ਭਾਸ਼ਾ ਮੰਚ' ਦੇ ਨਵੇਂ ਆਹੁਦੇਵਾਰ ਵੀ ਨਿਯੁਕਤ ਕੀਤੇ ਗਏ। 'ਭਾਸ਼ਾ ਮੰਚ' ਦੇਸਰਪ੍ਰਸਤ ਡਾ.ਗੁਰਪ੍ਰੀਤ ਕੌਰ ਵੱਲੋਂ 'ਭਾਸ਼ਾ ਮੰਚ' ਦੇ ਕੁਸ਼ਲ ਸੰਚਾਲਨ ਲਈ ਭਾਸ਼ਾ ਮੰਚ ਦੇ ਆਹੁਦੇਦਾਰਾਂ ਵਿੱਚ ਪ੍ਰਧਾਨ, ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ ਪ੍ਰੈੱਸ ਸਕੱਤਰ ਚੁਣੇ ਗਏ। ਪ੍ਰਧਾਨ ਵਜੋਂ ਬਲਜਿੰਦਰ ਬੇਗਮ, ਮੀਤ ਪ੍ਰਧਾਨ ਸਿਮਰਨ ਕੌਰ(ਬੀ.ਏ. ਭਾਗ ਦੂਜਾ),ਜਨਰਲ,ਸਕੱਤਰ ਕੋਮਲਪ੍ਰੀਤ ਕੌਰ(ਬੀ.ਏ.ਭਾਗ ਦੂਜਾ) ਅਤੇ ਪ੍ਰੈੱਸ ਸਕੱਤਰ ਰਜਨੀਸ਼ ਧਾਲੀਵਾਲ(ਬੀ.ਏ.ਭਾਗ ਤੀਜਾ) ਦੀ ਚੋਣ ਹੋਈ। ਪ੍ਰਿੰਸੀਪਲ ਡਾ. ਪੁਸ਼ਪਿੰਦਰ ਕੌਰ ਵੱਲੋਂ ਪੰਜਾਬੀ ਸਾਹਿਤ ਸਭਾ ਅਤੇ ਭਾਸ਼ਾ ਮੰਚ ਦੇ ਚੁਣੇ ਹੋਏ ਮੈਂਬਰਾਂ ਨੂੰ ਵਧਾਈ ਦਿੱਤੀ ਗਈ।

ਮਨਾਈ ਗਈ। ਕੜਾਕੇ ਦੀ ਠੰਡ ਵਿਚ
13 ਜਨਵਰੀ 2023 ਨੂੰ ਪੰਜਾਬੀ ਵਿਭਾਗ ਵੱਲੋਂ 'ਧੀਆਂ ਦੀ ਲੋਹੜੀ' ਸਾਰੇ ਕਾਲਜ ਕਰਮਚਾਰੀਆਂ ਨੂੰ ਲੋਹੜੀ ਦੀ ਲੋਹੜੀ ਬਾਲੀ ਗਈ। ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਵੱਲੋਂ ਸਾਰੇ ਕਾਲਜ ਕਰਮਚਾਰੀਆਂ ਨੂੰ ਲੋਹੜੀ ਦੀ ਵਧਾਈ ਦਿਤੀ ਗਈ। ਪੰਜਾਬੀ ਵਿਭਾਗ ਦੇ ਪ੍ਰੋ.ਮਨਜੀਤ ਕੌਰ ਅਤੇ ਡਾ.ਗੁਰਪ੍ਰੀਤ ਕੌਰ ਦੀ ਅਗਵਾਈ ਵਿੱਚ ਸਮੂਹ ਸਟਾਫ਼ ਵੱਲੋਂ ਸੁੰਦਰ-ਮੁੰਦਰੀਏ ਆਦਿ ਲੋਕਗੀਤ ਗਾ ਕੇ ਆਨੰਦ ਮਾਣਿਆ ਗਿਆ।ਗੀਤ- ਸੰਗੀਤ ਅਤੇ ਨਾਚ- ਗਾਣੇ ਉਪਰੰਤ ਚਾਹ-ਪਕੌੜੇ, ਮੂੰਗਫ਼ਲੀਆਂ, ਰਿਓੜੀਆਂ, ਗੁੜ ਤੇ ਗੱਚਕ ਖਾਧੇ ਗਏ।

21 ਫਰਵਰੀ 2023 ਨੂੰ ਅੰਤਰਰਾਸ਼ਟਰੀ ਮਾਤ-ਭਾਸ਼ਾ ਮਨਾਇਆ ਗਿਆ। ਇਸ ਮਹੱਤਵਪੂਰਨ ਦਿਹਾੜੇ ਉੱਤੇ ਪ੍ਰਵਕਤਾ ਵਜੋਂ ਪੰਜਾਬੀ ਮਾਂ-ਬੋਲੀ ਦੇ ਪ੍ਰਤਿਭਾਵਾਨ ਸ਼ਾਇਰ ਡਾਂ.ਦੇਵਿੰਦਰ ਸੈਫ਼ੀ ਜੀ ਵਿਦਿਆਰਥੀਆਂ ਦੇ ਰੂ-ਬ-ਰੂ ਹੋਏ।ਉਹਨਾਂ ਨੇ ਆਪਣੇ ਭਾਸ਼ਣ ਵਿਚ ਮਾਂ-ਬੋਲੀ ਦੇ ਮਹੱਤਵ ਤੇ ਜੀਵਨ ਦੀ ਸਚਾਈ ਬਾਰੇ ਵਿਦਿਆਰਥੀਆਂ ਨਾਲ ਬਹੁਮੁੱਲੇ ਵਿਚਾਰ ਸਾਂਝੇ ਕੀਤੇ। ਪ੍ਰੋਗਰਾਮ ਦੇ ਮੁੱਖ ਮਹਿਮਾਨ ਸ.ਹਰਬੰਸ ਸਿੰਘ ਕੰਧੋਲਾ(ਮੈਨੇਜਰ,ਕਾਲਜ ਪ੍ਰਬੰਧਕ ਕਮੇਟੀ) ਵਲੋਂ ਆਪਣੀ ਮਾਂ-ਬੋਲੀ ਪੰਜਾਬੀ ਨੂੰ ਉਸ ਦਾ ਬਣਦਾ ਮਾਣ ਤੇ ਪਿਆਰ ਦੇਣ ਦਾ ਸੁਨੇਹਾ ਦਿੱਤਾ। ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਵੱਲੋਂ ਡਾ.ਦੇਵਿੰਦਰ ਸੈਫ਼ੀ ਨੂੰ ਮੋਮੈਂਟ ਭੇਂਟ ਕੀਤਾ ਗਿਆ। ਮੰਚ ਸੰਚਾਲਨ ਅਤੇ ਸਵਾਗਤੀ ਸ਼ਬਦ ਡਾ.ਗੁਰਪ੍ਰੀਤ ਕੌਰ ਵਲੋਂ ਅਤੇ ਧੰਨਵਾਦ ਪ੍ਰੋ. ਮਨਜੀਤ ਕੌਰ ਨੇ ਕੀਤਾ।

11 ਅਪ੍ਰੈਲ 2023 ਨੂੰ ਇਤਿਹਾਸਕ, ਆਰਥਿਕ ਅਤੇ ਸਭਿੱਆਚਾਰਕ ਮਹੱਤਤਾ ਵਾਲਾ ਪੰਜਾਬੀਆਂ ਦਾ ਪ੍ਰਸਿੱਧ ਤਿਓਹਾਰ ਵਿਸਾਖੀ 'ਵਿਸਾਖੀ ਫ਼ੈਸਟ' ਨਾਮ ਹੇਠ ਮਨਾਇਆ ਗਿਆ। ਇਸ ਵਿੱਚ ਕਾਲਜ ਦੀਆਂ ਆਰਟਸ, ਕਾਮਰਸ, ਮੈਨੇਜ਼ਮੈਂਟ ਅਤੇ ਕੰਪਿਊਟਰ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਗਿੱਧਾ, ਭੰਗੜਾ, ਡਾਂਸ, ਕੋਰਿਓਗ੍ਰਾਫ਼ੀ,ਗੀਤ,ਲੋਕ-ਗੀਤ,ਕੈਟ ਵਾਕ ਆਦਿ ਵਿਭਿੰਨ ਗਤੀਵਿਧੀਆਂ ਵਿਚ ਬਾ-ਕਮਾਲ ਪੇਸ਼ਕਾਰੀਰ ਦਿੱਤੀ ਗਈ। ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਵਲੋਂ ਜੇਤੂ ਵਿਦਿਆਰਥੀਆਂ ਨੂੰ ਇਸੇ ਤਰ੍ਹਾਂ ਸਹਾਇਕ ਗਤੀਵਿਧੀਆਂ ਵਿਚ ਭਾਗ ਲੈਂਦੇ ਰਹਿਣ ਲਈ ਉਤਸ਼ਾਹਿਤ ਕੀਤਾ। ਐਂਕਰਿੰਗ ਦੀ ਜ਼ਿੰਮੇਵਾਰੀ ਵੀ ਵਿਦਿਆਰਥੀਆਂ ਵੱਲੋਂ ਬਾਖੂਬੀ ਨਿਭਾਈ ਗਈ।

ਮਿਤੀ 17 ਅਕਤੂਬਰ 2022 ਨੂੰ ਭਾਸ਼ਾ ਵਿਭਾਗ ਪੰਜਾਬੀ ਦੁਆਰਾ ਜ਼ਿਲ੍ਹਾ ਰੂਪਨਗਰ ਵੱਲੋਂ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਰੂਪਨਗਰ ਵਿਖੇ ਲਿਖਤੀ ਕੁਇਜ਼ ਮੁਕਾਬਲੇ ਕਰਵਾਏ ਗਏ। ਪ੍ਰਿ.ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਬਾਬਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਗਰਲਜ਼ ਦੀਆਂ ਦੋ ਵਿਦਿਆਰਥਣਾਂ ਹਰਮਨਪ੍ਰੀਤ ਕੌਰ,ਪ੍ਰਭਜੋਤ ਕੌਰ ਬੀ.ਏ.ਭਾਗ ਤੀਜਾ ਨੇ ਭਾਗ ਲਿਆ। ਇਸ ਮੁਕਾਬਲੇ ਵਿੱਚ ਹਰਮਨਪ੍ਰੀਤ ਕੌਰ ਨੇ ਪਹਿਲਾ ਸਥਾਨ ਪ੍ਰਭਜੋਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਹੋਰ ਗਤੀਵਿਧੀਆਂ

## ਮਾਪੇ ਅਧਿਆਪਕ ਮਿਲਣੀ

ਮਿਤੀ9 ਮਈ 2023 ਨੂੰ ਕਾਲਜ ਦੇ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਕਾਲਜ ਕੈਂਪਸ ਵਿੱਚ ਸ਼ੈਸ਼ਨ 2022-23 ਦੀ ਮਾਪੇ- ਅਧਿਆਪਕ ਮਿਲਣੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਕਾਲਜ ਦੇ ਆਰਟਸ, ਕਮਾਰਸ,ਮੈਨੇਜਮੈਂਟ ਤੇ ਕੰਪਿਊਟਰ ਵਿਭਾਗ ਅਧਿਆਪਕਾਂ ਦੁਆਰਾ ਆਪਣੇ-ਆਪਣੇ ਵਿਭਾਗ ਦੀਆਂ ਵਿਦਿਆਰਥਣਾਂ ਦੇ ਮਾਪਿਆਂ ਨਾਲ ਵਿਦਿਆਰਥਣਾਂ ਦੀ ਕਾਰਜ ਗੁਜ਼ਾਰੀ ਬਾਰੇ ਚਰਚਾ ਕੀਤੀ ਗਈ। ਮਾਪਿਆਂ ਨੂੰ ਉਹਨਾਂ ਦੇ ਬੱਚੇ ਦੀ ਖੂਬੀਅਤ ਅਤੇ ਕਮੀਆਂ ਬਾਰੇ ਜਾਣੂ ਕਰਵਾਇਆ ਗਿਆ। ਬੱਚੇ ਦੇ ਬੌਧਿਕ ਵਿਕਾਸ ਵਿੱਚ ਮਾਪਿਆਂ

ਦੀ ਭੂਮਿਕਾ ਬਾਰੇ ਜਾਗਰੂਕ ਕੀਤਾ ਗਿਆ। ਮਾਪਿਆਂ ਦੁਆਰਾ ਦਿੱਤੇ ਗਏ ਸੁਝਾਵਾਂ ਉੱਤੇ ਜਲਦ ਹੀ ਅਮਲ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਮਾਪੇ ਅਧਿਆਪਕ ਮਿਲਣੀ ਦੇ ਕਨਵੀਨਰ ਡਾ.ਗੁਰਪ੍ਰੀਤ ਕੌਰ, ਵਾਈਸ ਪ੍ਰਿੰ. ਨਵਜੋਤ ਕੌਰ, ਪ੍ਰੋ.ਦਿਵਿਆ ਸ਼ਰਮਾ, ਪ੍ਰੋ.ਕਮਲਪ੍ਰੀਤ ਕੌਰ, ਜਸਪ੍ਰੀਤ ਕੌਰ, ਹਰਮਿੰਦਰ ਕੌਰ, ਪ੍ਰੋ.ਅਲਕਾ ਸਮੇਤ ਸਮੁੱਚਾ ਅਧਿਆਪਕ ਅਮਲਾ ਹਾਜ਼ਰ ਰਿਹਾ।

## ਛੋਟੇ ਸਾਹਿਬਜ਼ਾਦਿਆਂ ਦਾ ਆਗਮਨ ਪੁਰਬ

1 ਸਤੰਬਰ 2022- ਬਾਬਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਗਰਲਜ਼ ਕਾਲਜ ਮੋਰਿੰਡਾ ਦੀ ਪ੍ਰਬੰਧਕ ਕਮੇਟੀ, ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵਲੋਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਫਤਿਹ ਸਿੰਘ ਜੀ ਦਾ ਆਗਮਨ ਪੁਰਬ ਮਨਾਇਆ ਗਿਆ। ਇਸ ਮੌਕੇ ਸ੍ਰੀ ਸਹਿਜ ਪਾਠ ਜੀ ਦੇ ਭੋਗ ਪਾਏ ਗਏ, ਉਪਰੰਤ ਕਾਲਜ ਦੀਆਂ ਵਿਦਿਆਰਥਣਾਂ, ਮਿਊਜ਼ਿਕ ਵਿਭਾਗ ਦੇ ਪ੍ਰੋਫੈਸਰ ਰਣਜੀਤ ਕੌਰ ਨੇ ਗੁਰਬਾਣੀ ਦੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਕਾਲਜ ਪ੍ਰਬੰਧਕ ਕਮੇਟੀ ਦੇ ਮੈਨੇਜਰ ਸ.ਹਰਬੰਸ ਸਿੰਘ ਕੰਧੋਲਾ ਨੇ ਸਾਹਿਬਜ਼ਾਦਿਆਂ ਦੇ ਜੀਵਨ ਅਤੇ ਲਾਸਾਨੀ ਕੁਰਬਾਨੀ ਤੇ ਚਾਨਣਾ ਪਾਉਂਦਿਆਂ ਕਿਹਾ ਕਿ ਧਰਮ ਅਤੇ ਮਨੁੱਖੀ ਸੁਤੰਤਰਤਾ ਦੀ ਖਾਤਰ ਜੋ ਸ਼ਹਾਦਤ ਏਨੀ ਛੋਟੀ ਉਮਰ 'ਚ ਸਾਹਿਬਜ਼ਾਦਿਆਂ ਨੇ ਦਿੱਤੀ, ਉਸਦੀ ਮਿਸਾਲ ਦੁਨੀਆ ਵਿੱਚ ਕਿਧਰੇ ਨਹੀਂ ਮਿਲਦੀ। ਸਾਹਿਬਜ਼ਾਦਿਆਂ ਦਾ ਜੀਵਨ ਸਮੁੱਚੀ ਨੌਜਵਾਨ ਪੀੜ੍ਹੀ ਲਈ ਚਾਨਣ ਮੁਨਾਰਾ ਹੈ। ਉਨ੍ਹਾਂ ਨੇ ਕਿਹਾ ਕਿ ਸਾਨੂੰ ਸਾਹਿਬਜ਼ਾਦਿਆਂ ਦੇ ਪਾਏ ਪੂਰਨਿਆਂ 'ਤੇ ਤੁਰਨ ਲਈ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ ਮਾਰਗ ਨੂੰ ਅਪਨਾਉਣ ਦੀ ਲੋੜ ਹੈ। ਉਨ੍ਹਾਂ ਇਸ ਮੌਕੇ ਪਹੁੰਚੀ ਸਮੂਹ ਸੰਗਤ ਦਾ ਧੰਨਵਾਦ ਕੀਤਾ। ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ । ਸ੍ਰੀ ਦੀਪਾਂਕਰ ਗਰਗ ਐਸ.ਡੀ.ਐਮ ਮੋਰਿੰਡਾ ਅਤੇ ਸ੍ਰੀਮਤੀ ਅੰਮ੍ਰਿਤ ਕੌਰ ਨਾਗਰਾ ਨੇ ਵੀ ਧਾਰਮਿਕ ਸਮਾਗਮ ਵਿਚ ਹਾਜ਼ਰੀ ਭਰੀ। ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਦੇ ਮੈਂਬਰ ਸ.ਜਾਗੀਰ ਸਿੰਘ ਦੁੱਮਣਾ, ਸੂਬੇਦਾਰ ਕੇਸਰ ਸਿੰਘ, ਸ.ਜੋਗਾ ਸਿੰਘ, ਸ.ਸੁਪਿੰਦਰ ਸਿੰਘ ਭੰਗੂ, ਸ.ਪ੍ਰਿਤਪਾਲ ਸਿੰਘ, ਸ.ਤਾਰਾ ਸਿੰਘ ਚਾਹਲ,ਸ.ਭਜਨ ਸਿੰਘ ਸ਼ੇਰਗਿੱਲ,ਕਾਲਜ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ, ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ ਸ੍ਰੀਮਤੀ ਸੁਰਿੰਦਰ ਕੌਰ ਹੀਰਾਂ, ਸ੍ਰੀਮਤੀ ਯੋਗਿਤਾ ਰਾਵਤ, ਸ੍ਰੀਮਤੀ ਗੁਰਪ੍ਰੀਤ ਕੌਰ, ਪੱਤਰਕਾਰ ਸ੍ਰੀ ਤਿਰਲੋਚਨ ਸਿੰਘ ਕੰਗ, ਪੱਤਰਕਾਰ ਸ੍ਰੀ ਮੋਹਨ ਅਰੋੜਾ, ਸਾਬਕਾ ਪ੍ਰੋ.ਮਨਜੀਤ ਕੌਰ ਅਤੇ ਸਮੂਹ ਕਾਲਜ ਸਟਾਫ਼ ਹਾਜ਼ਰ ਸੀ।

- ## ਸਾਇੰਸ ਸਿਟੀ ਦਾ ਦੌਰਾ

ਮਿਤੀ 12.9.2022 ਨੂੰ ਬਾਬਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਗਰਲਜ਼ ਕਾਲਜ ਮੋਰਿੰਡਾ ਵਿਖੇ ਇੰਨਵਾਇਰਮੈਂਟ ਵਿਸ਼ੇ ਦੇ 90 ਵਿਦਿਆਰਥੀਆਂ ਦਾ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਕਪੂਰਥਲਾ ਦਾ ਇਕ ਦਿਨ ਦਾ ਵਿਦਿਅਕ ਟੂਰ ਲਿਜਾਇਆ ਗਿਆ। ਇਹ ਟੂਰ ਕਾਲਜ ਦੇ ਪ੍ਰਿੰਸੀਪਲ ਡਾ.ਪੁਸ਼ਪਿੰਦਰ ਕੌਰ ਜੀ ਦੀ ਯੋਗ ਅਗਵਾਈ ਹੇਠ ਲਿਜਾਇਆ ਗਿਆ। ਸਾਇੰਸ ਸਿਟੀ ਵਿਖੇ ਵਿਦਿਆਰਥੀਆਂ ਨੂੰ ਵਾਤਾਵਰਣ ਨੂੰ ਸਰੁੱਖਿਅਤ ਰੱਖਣ ਲਈ ਪ੍ਰਸਤੁਤੀਕਰਨ ਦਿੱਤਾ ਗਿਆ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਰੁੱਖ ਲਗਾਉਣ, ਪਾਣੀ ਬਚਾਉਣ ਬਾਰੇ ਵੀ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੂੰ 'ਹਾਰਬਲ ਗਾਰਡਨ ਅਤੇ **Rain Harversting**' ਦਾ ਵੀ ਦੌਰਾ

ਕਰਵਾਇਆ ਗਿਆ।ਇਸ ਮੌਕੇ ਪ੍ਰੋ.ਗੁਰਸਿਮਰਨ ਕੌਰ, ਪ੍ਰੋ.ਕਮਲਜੀਤ ਕੌਰ,ਪ੍ਰੋ.ਅਮਨਦੀਪ ਕੌਰ, ਪ੍ਰੋ.ਸ਼ਿਲਪਾ ਸ਼ਰਮਾ ਤੇ ਵਿਦਿਆਰਥਣਾਂ ਹਾਜ਼ਰ ਸਨ।

- ਕਾਲਜ ਸਟਾਫ਼ ਦੀਆਂ ਅਕਾਦਮਿਕ ਪ੍ਰਾਪਤੀਆਂ :

ਕਾਲਜ ਦੇ ਪ੍ਰਾਧਿਆਪਕਾਂ ਨੇ ਆਪਣਾ ਗਿਆਨ update ਕਰਨ ਲਈ ਵੱਖ-ਵੱਖ ਸੈਮੀਨਾਰ/ਵਰਕਸ਼ਾਪ/ਕਾਨਫਰੰਸਾਂ ਵਿਚ ਭਾਗ ਲੈਣ ਤੋਂ ਇਲਾਵਾ ਵੱਖ-ਵੱਖ ਜਰਨਲਜ਼/ਕਿਤਾਬਾਂ ਵਿਚ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ:-

| Faculty Name | Topic Name | Journal/Book | Impact Factor/Month/year | ISSN/ISBN No. |
|---|---|---|---|---|
| ਪ੍ਰੋ.ਰੀਅਨ ਗੁਪਤਾ | 1) Research Paper on Financial Performance of Tipson Cycles Private Limited<br>2) Liquidity analysis of selected Textiles compaines | International Journal of Creative research thoughts(IJCRT)<br>International Journal of Current Sciences (IJCS) | VOLUME 10,Issue-2, Feb 2022<br>VOLUME 12,Issue-2 April-2022 | |

| Faculty Name | Topic Name | Journal/Book | Impact Factor/Month/year | ISSN/ISBN No. |
|---|---|---|---|---|
| ਡਾ.ਗੁਰਪ੍ਰੀਤ ਕੌਰ | ਹਰਜੀਤ ਅਟਵਾਲ ਦੇ ਨਾਵਲਾਂ ਵਿੱਚ ਨਾਰੀ ਮੁਕਤੀ ਦਾ ਪ੍ਰਵਚਨ | ਇੰਟਰਨੈਸ਼ਨਲ ਜਰਨਲ ਆਫ ਕਰੰਟ ਸਾਇੰਸ | 2023ਵੈਲੂਅਮ 13 | 2250-1770 |
| | ਕਹਾਣੀ 'ਗੁਲਾਬੋ- ਤ੍ਰਾਸਦਿਕ ਨਾਰੀ ਦਾ ਬਿੰਬ | ਅਜੋਕੀ ਪੰਜਾਬੀ ਕਹਾਣੀ ਸਮਕਾਲੀ ਸਰੋਕਾਰ | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ,2022 | 978-81-7914-569-2 |
| | ਕਹਾਣੀ 'ਪਨਾਹਗਾਹ' ਥੀਮਕ ਅਧਿਐਨ | ਪੰਜਾਬੀ ਕਹਾਣੀ ਅਤੇ ਸਮਾਜਿਕ ਸਰੋਕਾਰ | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ,2022 | 978-81-7914-570-8 |

| | | | | |
|---|---|---|---|---|
| | ਬਹੁਪੱਖੀ ਸ਼ਖਸ਼ੀਅਤ- ਗੁਰੂ ਗੋਬਿੰਦ ਸਿੰਘ ਜੀ | ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ. ਪ੍ਰਵਚਨ ਤੇ ਸੰਰਚਨਾ | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ.2023 | 995706-2578-93-4 |

**UGC Sponsored Refresher course-**

| Topic | Dated | Organiged by |
|---|---|---|
| Inter disciplinary refresher Course on cultural Strudies | 12 nov2022 to 25 nov 2022 | HRDC Punjabi Uni Patiala |

**Jaspreet kaur(MATH's)**

**Paper name: In mathematics dervice latest approach under sets**

| Journal | ISSN | Impact factor |
|---|---|---|
| IJMER | 2277-7881 | 8.017(2022) 5.16 |

| Faculty Name | Topic | Date | Organized by |
|---|---|---|---|
| ਪ੍ਰੋ.ਨਵਜੋਤ ਕੌਰ | Capacity Building Programme "NAAC ACCREDIATION AWARENESS PROGRAMME FOR COLLEGES" | 02 March, 2022 | PUNJABI UNIVERSITY PATIALA. |

| Faculty Name | Topic | Date | Organized by |
|---|---|---|---|
| ਪ੍ਰੋ.ਕਮਲਪ੍ਰੀਤ ਕੌਰ | Capacity Building Programme "NAAC ACCREDIATION AWARENESS PROGRAMME FOR COLLEGES" | 02 March, 2022 | PUNJABI UNIVERSITY PATIALA. |

| Faculty Name | Topic | Date | Organized by |
| --- | --- | --- | --- |
| ਪ੍ਰੋ.ਦਿਵਿਆ ਸੁਰਮਾ,ਪ੍ਰੋ.ਸੁਖਦੀਪ ਕੌਰ,ਪ੍ਰੋ.ਕਮਲਜੀਤ ਕੌਰ ਅਤੇ ਸ਼੍ਰੀਮਤੀ ਲਵਪ੍ਰੀਤ ਕੌਰ | Capacity Building Programme "NAAC ACCREDIATION AWARENESS PROGRAMME FOR COLLEGES" | 11 April 2022 | Govt.College,Ropar |

| Faculty Name | Topic | Date | Organized by |
| --- | --- | --- | --- |
| ਪ੍ਰੋ.ਰੀਅਨ ਗੁਪਤਾ | 2nd National Workshop on Research Methodology and Statistical Tools | 28 Feb 2022 - 4th March 2022 | Deptt.of Management, Punjabi University, Patiala. |

## Online Quiz Competition:

| Faculty Name | Topic | Date | Organized by |
| --- | --- | --- | --- |
| ਪ੍ਰੋ.ਕਮਲਪ੍ਰੀਤ ਕੌਰ ਅਤੇ ਪ੍ਰੋ.ਮਨਵਿੰਦਰ ਕੌਰ | Participated in Online - Quiz Competition Quiz of Computer Science and Information Technology | 24.02. 2022 | A.S.B.A.S.J.S.M.College,Bela,Ropar |

| Faculty Name | Topic | Date | Organized by |
| --- | --- | --- | --- |
| ਪ੍ਰੋ.ਜਸਪ੍ਰੀਤ ਕੌਰ ਅਤੇ ਪ੍ਰੋ.ਅਮਨਦੀਪ ਕੌਰ | Participated in Online -Quiz Competition Quiz of Computer Science and Information Technology | 24.02. 2022 | A.S.B.A.S.J.S.M.College,Bela,Ropar |

## Extension Lecture:

| Faculty Name | Topic | Date | Organized by |
| --- | --- | --- | --- |
| ਪ੍ਰੋ.ਜਸਪ੍ਰੀਤ ਕੌਰ ਅਤੇ ਪ੍ਰੋ.ਰੀਅਨ ਗੁਪਤਾ | Carrier prospects after Graduation and resume Building | 21 March 2022 | Commerce Deptt. B.Z.S.F.S.Khalsa Girls College,Morinda(Ropar) |